# CALFRESH ਬੈਨਿਫਿਟਾਂ ਲਈ ਮੁੜ–ਪ੍ਰਮਾਣੀਕਰਣ

ਜੇ ਤੁਹਾਨੂੰ ਕੋਈ ਅਸਮਰਥਤਾ ਹੈ ਜਾਂ ਮੁੜ-ਪ੍ਰਮਾਣੀਕਰਣ ਅਰਜ਼ੀ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਕਾਉਂਟੀ ਵੈਲਫੇਅਰ ਡਿਪਾਰਟਮੈਂਟ (ਕਾਉਂਟੀ) ਨੂੰ ਦੱਸੋ ਅਤੇ ਕੋਈ ਤੁਹਾਡੀ ਮਦਦ ਕਰੇਗਾ।

ਜੇਕਰ ਤੁਸੀਂ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਬੋਲਣਾ, ਪੜ੍ਹਨਾ, ਜਾਂ ਲਿਖਣਾ ਚਾਹੁੰਦੇ ਹੋ, ਤਾਂ ਕਾਉਂਟੀ ਤੁਹਾਡੀ ਮੁਫ਼ਤ ਮਦਦ ਕਰਨ ਲਈ ਕਿਸੇ ਵਿਅਕਤੀ ਨੂੰ ਨਿਯੁਕਤ ਕਰੇਗੀ।

## ਮੈਂ CalFresh ਬੈਨਿਫਿਟ ਪ੍ਰਾਪਤ ਕਰਨੇ ਕਿਵੇਂ ਜਾਰੀ ਰੱਖਾਂ?

CalFresh ਪ੍ਰਾਪਤ ਕਰਨਾ ਜਾਰੀ ਰੱਖਣ ਲਈ ਜ਼ਰੂਰੀ ਹੈ ਕਿ ਤੁਸੀਂ ਇਹ ਮੁੜ-ਪ੍ਰਮਾਣੀਕਰਣ ਅਰਜ਼ੀ ਜਮ੍ਹਾਂ ਕਰੋ ਅਤੇ ਆਪਣੀ ਪ੍ਰਮਾਣੀਕਰਣ ਮਿਆਦ ਸਮਾਪਤ ਹੋਣ ਤੋਂ ਪਹਿਲਾਂ ਇੰਟਰਵਿਊ ਦਿਓ। ਕਈ ਕਾਉਂਟੀਆਂ ਵਿੱਚ, ਤੁਸੀਂ ਇਹ ਮੁੜ-ਪ੍ਰਮਾਣੀਕਰਣ ਅਰਜ਼ੀ ਔਨਲਾਈਨ ਭਰ ਸਕਦੇ ਹੋ। ਇਹ ਦੇਖਣ ਲਈ ਕਿ ਕੀ ਤੁਸੀਂ ਆਪਣੀ ਕਾਉਂਟੀ ਵਿੱਚ ਇਹ ਕਰ ਸਕਦੇ ਹੋ, http://www.benefitscal.org/ 'ਤੇ ਜਾਉ।
**ਨੋਟ:** ਜੇ ਇਸ ਵੇਲੇ ਤੁਹਾਡੇ ਕੋਲ ਸਿਹਤ ਬੀਮਾ ਨਹੀਂ ਹੈ ਅਤੇ ਤੁਹਾਡੀ ਇਸ ਵਿੱਚ ਦਿਲਚਸਪੀ ਹੈ ਕਿ ਕਾਉਂਟੀ ਤੁਹਾਡੀ CalFresh ਅਰਜ਼ੀ ਤੋਂ ਜਾਣਕਾਰੀ ਨੂੰ Medi-Cal ਵਾਸਤੇ ਤੁਹਾਡੀ ਯੋਗਤਾ ਦੀ ਜਾਂਚ ਕਰਨ ਲਈ ਵਰਤੇ, ਤਾਂ ਮੁੜ-ਪ੍ਰਮਾਣੀਕਰਣ ਅਰਜ਼ੀ ਦੇ ਪੰਨਾ 3, ਪ੍ਰਸ਼ਨ 12 'ਤੇ ਖ਼ਾਨੇ ਵਿੱਚ ਸਹੀ ਲਗਾਉ।

## ਮੈਂ ਮੁੜ–ਪ੍ਰਮਾਣੀਕਰਣ ਅਰਜ਼ੀ ਕਿਵੇਂ ਭਰਾਂ?

ਜੇ ਹੋ ਸਕੇ ਤਾਂ ਮੁੜ-ਪ੍ਰਮਾਣੀਕਰਣ ਅਰਜ਼ੀ 'ਤੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ। ਆਪਣੀ ਮੁੜ-ਪ੍ਰਮਾਣੀਕਰਣ ਪ੍ਰਕਿਰਿਆ ਸ਼ੁਰੂ ਕਰਨ ਲਈ ਤੁਹਾਨੂੰ ਘੱਟੋ-ਘੱਟ ਆਪਣਾ ਨਾਮ, ਪਤਾ, ਅਤੇ ਦਸਤਖ਼ਤ ਦੇਣੇ ਚਾਹੀਦੇ ਹਨ। ਇਸ ਅਰਜ਼ੀ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ ਆਪਣੇ ਹੱਕਾਂ ਅਤੇ ਆਪਣੀਆਂ ਜ਼ਿੰਮੇਵਾਰੀਆਂ ਬਾਰੇ ਪੜ੍ਹੋ। ਦਸਤਖ਼ਤ ਕੀਤੀ ਹੋਈ ਅਰਜ਼ੀ ਖੁਦ ਆ ਕੇ, ਡਾਕ ਦੁਆਰਾ, ਫੈਕਸ ਦੁਆਰਾ, ਜਾਂ ਔਨਲਾਈਨ ਕਾਉਂਟੀ ਨੂੰ ਦੇ ਦਿਓ।

## ਮੈਨੂੰ ਅੱਗੇ ਕੀ ਕਰਨਾ ਚਾਹੀਦਾ ਹੈ?

ਕਾਉਂਟੀ ਇਸ ਅਰਜ਼ੀ 'ਤੇ ਚਰਚਾ ਕਰਨ ਲਈ ਤੁਹਾਨੂੰ ਇੱਕ ਇੰਟਰਵਿਊ ਅਪਾਇੰਟਮੈਂਟ ਚਿੱਠੀ ਭੇਜੇਗੀ। ਜ਼ਿਆਦਾਤਰ ਇੰਟਰਵਿਊਆਂ ਫੋਨ ਦੁਆਰਾ ਲਈਆਂ ਜਾਂਦੀਆਂ ਹਨ, ਪਰ ਕਾਉਂਟੀ ਆਫਿਸ ਵਿਖੇ ਜਾਂ ਜੇ ਕਾਉਂਟੀ ਨਾਲ ਇੰਤਜ਼ਾਮ ਕੀਤਾ ਗਿਆ ਹੋਵੇ ਤਾਂ ਕਿਸੇ ਹੋਰ ਥਾਂ 'ਤੇ ਵਿਅਕਤੀਗਤ ਤੌਰ 'ਤੇ ਵੀ ਲਈਆਂ ਜਾ ਸਕਦੀਆਂ ਹਨ। ਜੇ ਕਿਸੇ ਅਸਮਰਥਤਾਵਾਂ ਦੇ ਕਾਰਨ ਤੁਹਾਨੂੰ ਦੂਜੇ ਪ੍ਰਬੰਧਾਂ ਦੀ ਲੋੜ ਹੋਵੇ ਤਾਂ ਕਾਉਂਟੀ ਨੂੰ ਦੱਸੋ। ਜੇ ਤੁਸੀਂ ਅਰਜ਼ੀ ਵਿੱਚ ਸਾਰੇ ਭਾਗ ਨਹੀਂ ਭਰੇ ਸਨ ਜਾਂ ਜੇ ਤੁਹਾਨੂੰ ਤਬਦੀਲੀਆਂ ਕਰਨ ਦੀ ਲੋੜ ਹੋਵੇ ਤਾਂ ਤੁਹਾਡਾ ਵਰਕਰ ਇੰਟਰਵਿਊ ਦੌਰਾਨ ਇਸ ਅਰਜ਼ੀ ਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ/ਸਕਦੀ ਹੈ।

## ਮੁੜ–ਪ੍ਰਮਾਣੀਕਰਣ ਇੰਟਰਵਿਊ ਵਿੱਚ ਕੀ ਹੁੰਦਾ ਹੈ?

ਇੰਟਰਵਿਊ ਦੌਰਾਨ, ਕਾਉਂਟੀ ਤੁਹਾਨੂੰ CalFresh ਲਈ ਮੁੜ-ਪ੍ਰਮਾਣਿਤ ਕਰਨ ਅਤੇ ਤੁਹਾਡੇ ਬੈਨਿਫਿਟਾਂ ਦਾ ਨਿਰਧਾਰਨ ਕਰਨ ਲਈ ਅਰਜ਼ੀ ਵਿੱਚ ਦਿੱਤੀ ਗਈ ਜਾਣਕਾਰੀ ਨੂੰ ਦੇਖੇਗੀ ਅਤੇ ਤੁਹਾਨੂੰ ਪ੍ਰਸ਼ਨ ਪੁੱਛੇਗੀ। ਮੁੜ-ਪ੍ਰਮਾਣਿਤ ਕਰਨ ਵਿੱਚ ਕਿਸੇ ਦੇਰੀ ਤੋਂ ਬਚਣ ਲਈ, ਇੰਟਰਵਿਊ ਵੇਲੇ ਹਾਲਾਤ ਵਿੱਚ ਕਿਸੇ ਵੀ ਤਬਦੀਲੀਆਂ ਦੇ ਸਬੂਤ ਮੁਹੱਈਆ ਕਰੋ। ਉਦਾਹਰਨਾਂ ਹਨ ਆਮਦਨੀ ਵਿੱਚ ਤਬਦੀਲੀ; ਇਕੱਠੇ ਮਿਲ ਕੇ ਖਰੀਦਦਾਰੀ ਕਰ ਰਹੇ/ਖਾ ਰਹੇ ਲੋਕਾਂ ਵਿੱਚ ਤਬਦੀਲੀ, ਰਿਹਾਇਸ਼ ਦੀਆਂ ਲਾਗਤਾਂ ਵਿੱਚ ਤਬਦੀਲੀ, ਆਦਿ। ਜੇ ਤੁਹਾਡੇ ਕੋਲ ਸਬੂਤ ਨਹੀਂ ਹਨ ਤਾਂ ਵੀ ਆਪਣੀ ਇੰਟਰਵਿਊ ਲਈ ਆਉ। ਸ਼ਾਇਦ ਕਾਉਂਟੀ ਮੁੜ-ਪ੍ਰਮਾਣਿਤ ਕਰਨ ਲਈ ਲੋੜੀਂਦੇ ਸਬੂਤ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕੇ।

## ਜੇ ਮੈਂ ਇਹ ਮੁੜ–ਪ੍ਰਮਾਣੀਕਰਣ ਅਰਜ਼ੀ ਵਾਪਸ ਕਰਨ ਵਿੱਚ ਅਸਫਲ ਰਹਿੰਦਾ/ਰਹਿੰਦੀ ਹਾਂ ਤਾਂ ਕੀ ਹੁੰਦਾ ਹੈ?

CalFresh ਲਈ ਮੁੜ-ਪ੍ਰਮਾਣਿਤ ਕਰਨ ਵਾਸਤੇ ਤੁਹਾਨੂੰ ਇਹ ਅਰਜ਼ੀ ਆਪਣੀ ਪ੍ਰਮਾਣੀਕਰਣ ਮਿਆਦ ਦੇ ਖ਼ਤਮ ਹੋਣ ਤੋਂ ਪਹਿਲਾਂ ਜ਼ਰੂਰ ਵਾਪਸ ਕਰ ਦੇਣੀ ਚਾਹੀਦੀ ਹੈ। ਜੇ ਇਸ ਵਿੱਚ ਦੇਰੀ ਹੁੰਦੀ ਹੈ, ਤਾਂ ਤੁਹਾਡੇ ਬੈਨਿਫਿਟਾਂ ਵਿੱਚ ਰੁਕਾਵਟ ਆ ਸਕਦੀ ਹੈ। ਜੇ ਤੁਸੀਂ ਇਹ ਅਰਜ਼ੀ ਆਪਣੀ ਪ੍ਰਮਾਣੀਕਰਣ ਮਿਆਦ ਦੇ ਖ਼ਤਮ ਹੋਣ ਤੋਂ 30 ਦਿਨਾਂ ਬਾਅਦ ਵਾਪਸ ਕਰਦੇ ਹੋ, ਤਾਂ ਤੁਹਾਨੂੰ ਪੂਰੀ ਅਰਜ਼ੀ ਦੀ ਵਰਤੋਂ ਕਰਦੇ ਹੋਏ ਦੁਬਾਰਾ ਅਰਜ਼ੀ ਦੇਣ ਦੀ ਲੋੜ ਹੋਵੇਗੀ।

CalFresh ਪ੍ਰੋਗਰਾਮ ਦੇ ਨਿਯਮ ਪੰਨਾ 1 – ਕਿਰਪਾ ਕਰਕੇ ਇਸ ਨੂੰ ਲੈ ਲਵੋ ਅਤੇ ਆਪਣੇ ਰਿਕਾਰਡਾਂ ਲਈ ਰੱਖੋ।

**ਮੇਰੇ ਮੁੜ-ਪ੍ਰਮਾਣੀਕਰਣ ਨੂੰ ਪ੍ਰਵਾਨਿਤ ਕਰ ਦਿੱਤੇ ਜਾਣ ਤੋਂ ਬਾਅਦ ਕੀ ਹੁੰਦਾ ਹੈ?**

ਜੇ ਤੁਸੀਂ ਸਮੇਂ 'ਤੇ ਦੁਬਾਰਾ ਅਰਜ਼ੀ ਦੇ ਦਿੰਦੇ ਹੋ ਅਤੇ ਤੁਹਾਡੀ ਪ੍ਰਮਾਣੀਕਰਣ ਮਿਆਦ ਦੇ ਖ਼ਤਮ ਹੋਣ ਤੋਂ ਪਹਿਲਾਂ ਤੁਹਾਨੂੰ ਮੁੜ-ਪ੍ਰਮਾਣਿਤ ਕਰ ਦਿੱਤਾ ਜਾਂਦਾ ਹੈ, ਤਾਂ ਤੁਹਾਨੂੰ ਤੁਹਾਡੇ ਇਲੈਕਟ੍ਰੋਨਿਕ ਬੈਨਿਫਿਟ ਟ੍ਰਾਂਸਫਰ ਕਾਰਡ (EBT) ਕਾਰਡ 'ਤੇ ਬੈਨਿਫਿਟ ਮਿਲਣੇ ਜਾਰੀ ਰਹਿਣਗੇ। ਭੋਜਨ ਖਰੀਦਣ ਲਈ ਆਪਣਾ EBT ਕਾਰਡ ਅਤੇ ਉਹੀ ਪਰਸਨਲ ਆਈਡੈਂਟੀਫਿਕੇਸ਼ਨ ਨੰਬਰ (PIN) ਵਰਤਣਾ ਜਾਰੀ ਰੱਖੋ। ਜੇ ਤੁਹਾਡਾ EBT ਕਾਰਡ ਗੁਆਚ ਜਾਂਦਾ ਹੈ, ਚੋਰੀ ਹੋ ਜਾਂਦਾ ਹੈ ਜਾਂ ਨਸ਼ਟ ਹੋ ਜਾਂਦਾ ਹੈ, ਤਾਂ ਤੁਰੰਤ (877) 328-9677 'ਤੇ ਜਾਂ ਕਾਉਂਟੀ ਨੂੰ ਕਾਲ ਕਰੋ। ਤੁਹਾਡੇ ਨੇੜੇ EBT ਸਵੀਕਾਰ ਕਰਨ ਵਾਲੇ ਸਥਾਨਾਂ ਲਈ ਕਿਰਪਾ ਕਰਕੇ ਇਹਨਾਂ ਵੈਬਸਾਈਟਾਂ 'ਤੇ ਜਾਉ: https://www.ebt.ca.gov ਜਾਂ https://www.snapfresh.org.

**ਹੱਕ ਅਤੇ ਜ਼ਿੰਮੇਵਾਰੀਆਂ**

**ਤੁਹਾਡੀ ਇਹ ਜ਼ਿੰਮੇਵਾਰੀ ਹੈ:**

- ਕਾਉਂਟੀ ਨੂੰ ਉਹ ਸਾਰੀ ਜਾਣਕਾਰੀ ਦਿਓ ਜੋ ਤੁਹਾਡੀ ਯੋਗਤਾ ਨਿਰਧਾਰਤ ਕਰਨ ਲਈ ਚਾਹੀਦੀ ਹੈ।
- ਕਾਉਂਟੀ ਨੂੰ ਲੋੜ ਪੈਣ 'ਤੇ ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਦਾ ਸਬੂਤ ਦਿਓ।
- ਲੋੜ ਮੁਤਾਬਕ ਤਬਦੀਲੀਆਂ ਦੀ ਰਿਪੋਰਟ ਕਰੋ। ਕਾਉਂਟੀ ਤੁਹਾਨੂੰ ਇਸ ਬਾਰੇ ਜਾਣਕਾਰੀ ਦੇਵੇਗੀ ਕਿ ਕੀ, ਕਦੋਂ, ਅਤੇ ਕਿਵੇਂ ਰਿਪੋਰਟ ਕਰਨੀ ਹੈ। ਜੇਕਰ ਤੁਸੀਂ ਆਪਣੇ ਪਰਿਵਾਰ ਦੀਆਂ ਰਿਪੋਰਟ ਕਰਨ ਦੀਆਂ ਲੋੜਾਂ ਪੂਰੀਆਂ ਨਹੀਂ ਕਰਦੇ ਹੋ ਤਾਂ ਤੁਹਾਡੇ CalFresh ਬੈਨਿਫਿਟ ਘਟਾਏ ਜਾ ਸਕਦੇ ਹਨ ਜਾਂ ਬੰਦ ਕੀਤੇ ਜਾ ਸਕਦੇ ਹਨ।
- ਜੇਕਰ ਕਾਉਂਟੀ ਤੁਹਾਨੂੰ ਕਹਿੰਦੀ ਹੈ ਕਿ ਤੁਹਾਡੇ ਕੇਸ ਵਿੱਚ ਇਹ ਜ਼ਰੂਰੀ ਹੈ ਤਾਂ ਕੋਈ ਨੌਕਰੀ ਲੱਭੋ, ਪ੍ਰਾਪਤ ਕਰੋ, ਅਤੇ ਨੌਕਰੀ ਜਾਰੀ ਰੱਖੋ ਜਾਂ ਦੂਜੀਆਂ ਕੰਮ ਨਾਲ ਸਬੰਧਤ ਗਤੀਵਿਧੀਆਂ ਵਿੱਚ ਹਿੱਸਾ ਲਵੋ।
- ਜੇਕਰ ਇਹ ਯਕੀਨੀ ਬਣਾਉਣ ਲਈ ਕਿ ਤੁਹਾਡੀ ਯੋਗਤਾ ਅਤੇ ਬੈਨਿਫਿਟ ਦਾ ਪੱਧਰ ਠੀਕ ਤਰ੍ਹਾਂ ਨਾਲ ਕੱਢੇ ਗਏ ਹਨ, ਤੁਹਾਡਾ ਕੇਸ ਸਮੀਖਿਆ ਜਾਂ ਜਾਂਚ-ਪੜਤਾਲ ਲਈ ਚੁਣਿਆ ਜਾਂਦਾ ਹੈ ਤਾਂ ਕਾਉਂਟੀ, ਸਟੇਟ, ਜਾਂ ਸੰਘੀ ਮੁਲਾਜ਼ਮਾਂ ਨਾਲ ਪੂਰਾ ਸਹਿਯੋਗ ਕਰੋ। ਇਨ੍ਹਾਂ ਸਮੀਖਿਆਵਾਂ ਵਿੱਚ ਸਹਿਯੋਗ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਤੁਹਾਡੇ ਬੈਨਿਫਿਟ ਬੰਦ ਹੋ ਸਕਦੇ ਹਨ।
- ਅਜਿਹੇ ਕੋਈ ਵੀ ਬੈਨਿਫਿਟ ਵਾਪਸ ਕਰੋ ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਤੁਸੀਂ ਯੋਗ ਨਹੀਂ ਸੀ।

**ਤੁਹਾਨੂੰ ਹੇਠ ਲਿਖੇ ਹੱਕ ਹਨ:**

- ਸਿਰਫ ਆਪਣਾ ਨਾਮ, ਪਤਾ, ਅਤੇ ਦਸਤਖਤ ਮੁਹੱਈਆ ਕਰਦੇ ਹੋਏ CalFresh ਲਈ ਅਰਜ਼ੀ ਵਾਪਸ ਕਰਨੀ।
- ਜੇਕਰ ਤੁਹਾਨੂੰ ਕਿਸੇ ਦੁਭਾਸ਼ੀਏ ਦੀ ਲੋੜ ਹੈ ਤਾਂ ਕਾਉਂਟੀ ਤੋਂ ਇਕ ਮੁਫਤ ਦੁਭਾਸ਼ੀਆ ਪ੍ਰਾਪਤ ਕਰਨਾ।
- ਕਾਉਂਟੀ ਨੂੰ ਦਿੱਤੀ ਗਈ ਜਾਣਕਾਰੀ ਨੂੰ ਗੁਪਤ ਰੱਖਿਆ ਜਾਣਾ, ਜਦੋਂ ਤਕ ਉਹ ਸਿੱਧੇ ਤੌਰ 'ਤੇ ਕਾਉਂਟੀ ਦੇ ਕਾਰਜਕ੍ਰਮਾਂ ਦੇ ਪ੍ਰਸ਼ਾਸਨ ਨਾਲ ਸਬੰਧਤ ਨਾ ਹੋਵੇ।
- ਕਾਉਂਟੀ ਦੁਆਰਾ ਯੋਗਤਾ ਨਿਰਧਾਰਤ ਕਰਨ ਤੋਂ ਪਹਿਲਾਂ ਕਿਸੇ ਵੀ ਸਮੇਂ ਆਪਣੀ ਅਰਜ਼ੀ ਵਾਪਸ ਲੈਣੀ।
- CalFresh ਲਈ ਆਪਣੀ ਅਰਜ਼ੀ ਭਰਨ ਲਈ ਮਦਦ ਮੰਗਣੀ ਅਤੇ ਨਿਯਮਾਂ ਦੀ ਵਿਆਖਿਆ ਪ੍ਰਾਪਤ ਕਰਨੀ।
- ਲੋੜੀਂਦਾ ਸਬੂਤ ਪ੍ਰਾਪਤ ਕਰਨ ਵਿੱਚ ਮਦਦ ਮੰਗਣੀ।
- ਨਿਮਰਤਾ, ਲਿਹਾਜ਼ ਅਤੇ ਸਨਮਾਨ ਨਾਲ ਵਿਹਾਰ ਕੀਤਾ ਜਾਣਾ, ਅਤੇ ਤੁਹਾਡੇ ਨਾਲ ਵਿਤਕਰਾ ਨਾ ਕਿਤਾ ਜਾਣਾ।
- ਜਦੋਂ ਤੁਸੀਂ ਅਰਜ਼ੀ ਦਿੰਦੇ ਹੋ ਤਾਂ ਉਚਿਤ ਸਮੇਂ ਦੇ ਅੰਦਰ ਕਾਉਂਟੀ ਦੁਆਰਾ ਤੁਹਾਡੀ ਇੰਟਰਵਿਊ ਲਈ ਜਾਣੀ ਅਤੇ 30 ਦਿਨਾਂ ਦੇ ਅੰਦਰ ਤੁਹਾਡੀ ਯੋਗਤਾ ਨਿਰਧਾਰਤ ਕੀਤੀ ਜਾਣੀ।
- ਜੇਕਰ ਤੁਸੀਂ ਛੇਤੀ ਸੇਵਾ ਲਈ ਯੋਗ ਹੋ ਤਾਂ 3 ਦਿਨਾਂ ਵਿੱਚ CalFresh ਬੈਨਿਫਿਟ ਪ੍ਰਾਪਤ ਕਰਨੇ।
- ਮੰਗਿਆ ਗਿਆ ਸਬੂਤ, ਜੋ ਕਿ ਯੋਗਤਾ ਨਿਰਧਾਰਤ ਕਰਨ ਲਈ ਲੋੜੀਂਦਾ ਹੈ, ਕਾਉਂਟੀ ਨੂੰ ਦੇਣ ਲਈ ਘੱਟੋ-ਘੱਟ 10 ਦਿਨ ਪ੍ਰਾਪਤ ਕਰਨੇ।
- ਕਾਉਂਟੀ ਦੁਆਰਾ ਤੁਹਾਡੇ CalFresh ਬੈਨਿਫਿਟ ਘਟਾਉਣ ਜਾਂ ਬੰਦ ਕਰਨ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਲਿਖਤੀ ਸੂਚਨਾ ਪ੍ਰਾਪਤ ਕਰਨੀ।
- ਕਾਉਂਟੀ ਨਾਲ ਆਪਣੇ ਕੇਸ 'ਤੇ ਚਰਚਾ ਕਰਨੀ ਅਤੇ ਤੁਹਾਡੇ ਦੁਆਰਾ ਮੰਗ ਕਰਨ 'ਤੇ ਆਪਣੇ ਕੇਸ ਦੀ ਸਮੀਖਿਆ ਕਰਵਾਉਣੀ।
- ਜੇਕਰ ਤੁਸੀਂ ਤੁਹਾਡੇ CalFresh ਕੇਸ 'ਤੇ ਕੀਤੀ ਗਈ ਕਿਸੇ ਵੀ ਕਾਰਵਾਈ ਬਾਰੇ ਕਾਉਂਟੀ ਨਾਲ ਸਹਿਮਤ ਨਹੀਂ ਹੋ ਤਾਂ 90 ਦਿਨਾਂ ਦੇ ਅੰਦਰ ਸਟੇਟ ਸੁਣਵਾਈ ਦੀ ਮੰਗ ਕਰਨੀ।
- ਜੇਕਰ ਤੁਸੀਂ ਆਪਣੇ CalFresh ਕੇਸ ਵਿੱਚ ਕੋਈ ਕਾਰਵਾਈ ਕੀਤੇ ਜਾਣ ਤੋਂ ਪਹਿਲਾਂ ਸੁਣਵਾਈ ਦੀ ਮੰਗ ਕਰਦੇ ਹੋ, ਤਾਂ ਸੁਣਵਾਈ ਜਾਂ ਤੁਹਾਡੇ ਪ੍ਰਮਾਣੀਕਰਣ ਮਿਆਦ ਪੂਰੀ ਹੋਣ ਤਕ, ਜੋ ਵੀ ਪਹਿਲਾਂ ਹੋਵੇ, ਤੁਹਾਡੇ CalFresh ਬੈਨਿਫਿਟ ਉਹੀ ਰਹਿਣਗੇ।

- ਟੋਲ-ਫ੍ਰੀ ਨੰਬਰਾਂ – 1-800-952-5253 ਜਾਂ ਸੁਣਨ ਜਾਂ ਬੋਲਣ ਸਬੰਧੀ ਕਮਜ਼ੋਰੀ ਵਾਲਿਆਂ ਲਈ, ਜੋ TDD ਦੀ ਵਰਤੋਂ ਕਰਦੇ ਹਨ, 1-800-952-8349 'ਤੇ ਆਪਣੇ ਸੁਣਵਾਈ ਸਬੰਧੀ ਹੱਕਾਂ ਜਾਂ ਕਨੂੰਨੀ ਸਹਾਇਤਾ ਲਈ ਹਵਾਲੇ ਬਾਰੇ ਪੁੱਛਣਾ। ਤੁਹਾਡੇ ਸਥਾਨਕ ਲੀਗਲ ਏਡ ਜਾਂ ਵੈਲਫੇਅਰ ਰਾਈਟਸ ਦਫ਼ਤਰ ਤੋਂ ਤੁਹਾਨੂੰ ਮੁਫ਼ਤ ਕਨੂੰਨੀ ਮਦਦ ਮਿਲ ਸਕਦੀ ਹੈ।
- ਜੇਕਰ ਤੁਸੀਂ ਇਕੱਲੇ ਨਹੀਂ ਜਾਣਾ ਚਾਹੁੰਦੇ ਤਾਂ ਸੁਣਵਾਈ ਵਿੱਚ ਕਿਸੇ ਮਿੱਤਰ ਜਾਂ ਕਿਸੇ ਹੋਰ ਵਿਅਕਤੀ ਨੂੰ ਆਪਣੇ ਨਾਲ ਲਿਆਉਣਾ।
- ਵੋਟ ਪਾਉਣ ਲਈ ਰਜਿਸਟਰ ਕਰਨ ਵਾਸਤੇ ਕਾਉਂਟੀ ਤੋਂ ਸਹਾਇਤਾ ਪ੍ਰਾਪਤ ਕਰਨੀ।
- ਜੇਕਰ ਉਹ ਤਬਦੀਲੀਆਂ, ਜਿਨ੍ਹਾਂ ਦੀ ਤੁਹਾਨੂੰ ਰਿਪੋਰਟ ਕਰਨ ਦੀ ਲੋੜ ਨਹੀਂ ਹੈ, ਤੁਹਾਡੇ CalFresh ਬੈਨਿਫਿਟਾਂ ਨੂੰ ਵਧਾ ਸਕਦੀਆਂ ਹਨ ਤਾਂ ਉਨ੍ਹਾਂ ਦੀ ਜਾਣਕਾਰੀ ਦੇਣੀ।
- ਆਪਣੇ ਘਰੇਲੂ ਖ਼ਰਚਿਆਂ ਦਾ ਸਬੂਤ ਦੇਣਾ ਜੋ ਜ਼ਿਆਦਾ CalFresh ਬੈਨਿਫਿਟ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਕਾਉਂਟੀ ਨੂੰ ਸਬੂਤ ਨਾ ਦੇਣਾ ਇਹ ਕਹਿਣ ਵਾਂਗ ਹੈ ਕਿ ਤੁਹਾਡਾ ਉਹ ਖ਼ਰਚਾ ਨਹੀਂ ਹੈ, ਅਤੇ ਹੋ ਸਕਦਾ ਹੈ ਤੁਸੀਂ ਜ਼ਿਆਦਾ CalFresh ਬੈਨਿਫਿਟ ਪ੍ਰਾਪਤ ਕਰਨ ਦੇ ਯੋਗ ਨਾ ਹੋਵੋ।
- ਜੇਕਰ ਤੁਸੀਂ ਇਹ ਚਾਹੁੰਦੇ ਹੋ ਕਿ ਤੁਹਾਡੇ ਪਰਿਵਾਰ ਲਈ CalFresh ਬੈਨਿਫਿਟਾਂ ਨੂੰ ਕੋਈ ਹੋਰ ਵਿਅਕਤੀ ਇਸਤੇਮਾਲ ਕਰੇ ਜਾਂ ਆਪਣੇ CalFresh ਕੇਸ ਵਿੱਚ ਮਦਦ ਕਰੇ (ਇਖਤਿਆਰੀ ਨੁਮਾਇੰਦਾ) ਤਾਂ ਕਾਉਂਟੀ ਨੂੰ ਦੱਸੋ।

## ਪ੍ਰੋਗਰਾਮ ਦੇ ਨਿਯਮ ਅਤੇ ਜੁਰਮਾਨੇ

ਜੇਕਰ ਤੁਸੀਂ ਉਹ CalFresh ਬੈਨਿਫਿਟ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਲਈ, ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਤੁਸੀਂ ਯੋਗ ਨਹੀਂ ਹੋ, ਜਾਂ ਕਿਸੇ ਹੋਰ ਦੀ ਉਹ ਫਾਇਦੇ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ, ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਉਹ ਯੋਗ ਨਹੀਂ ਹੈ, ਜਾਣਬੁਝ ਕੇ ਝੂਠੀ ਜਾਂ ਗਲਤ ਜਾਣਕਾਰੀ ਦਿੰਦੇ ਹੋ, ਜਾਂ ਪੂਰੀ ਜਾਣਕਾਰੀ ਨਹੀਂ ਦਿੰਦੇ ਹੋ, ਤਾਂ ਤੁਸੀਂ ਜੁਰਮ ਕਰ ਰਹੇ ਹੋ। ਤੁਹਾਨੂੰ ਅਜਿਹੇ ਕੋਈ ਵੀ ਬੈਨਿਫਿਟ ਵਾਪਸ ਕਰਨੇ ਪੈਣਗੇ ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਤੁਸੀਂ ਯੋਗ ਨਹੀਂ ਸੀ।

| ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਂ... | ਤਾਂ... |
|---|---|
| **ਇਨ੍ਹਾਂ ਵਿੱਚੋਂ ਕੁਝ ਵੀ ਕਰ ਕੇ ਇਰਾਦਤਨ ਪ੍ਰੋਗਰਾਮ ਦੀ ਉਲੰਘਣਾ ਕਰਦਾ/ਕਰਦੀ ਹਾਂ:**<br>• ਜਾਣਕਾਰੀ ਲੁਕਾਉਣੀ ਜਾਂ ਝੂਠੇ ਬਿਆਨ ਦੇਣੇ<br>• ਕਿਸੇ ਹੋਰ ਦੇ EBT ਕਾਰਡਾਂ ਨੂੰ ਵਰਤਣਾ ਜਾਂ ਕਿਸੇ ਹੋਰ ਨੂੰ ਆਪਣਾ ਕਾਰਡ ਵਰਤਣ ਦੇਣਾ<br>• ਸ਼ਰਾਬ ਜਾਂ ਤਮਾਕੂ ਖਰੀਦਣ ਲਈ CalFresh ਬੈਨਿਫਿਟਾਂ ਦੀ ਵਰਤੋਂ ਕਰਨੀ<br>• CalFresh ਬੈਨਿਫਿਟਾਂ ਜਾਂ EBT ਕਾਰਡਾਂ ਦਾ ਸੌਦਾ ਕਰਨਾ, ਇਹਨਾਂ ਨੂੰ ਵੇਚਣਾ, ਜਾਂ ਕਿਸੇ ਨੂੰ ਦੇ ਦੇਣਾ | • ਮੈਂ ਪਹਿਲੇ ਜੁਰਮ ਲਈ 12 ਮਹੀਨਿਆਂ ਲਈ CalFresh ਬੈਨਿਫਿਟ ਗੁਆ ਸਕਦਾ/ਸਕਦੀ ਹਾਂ ਅਤੇ ਮੈਨੂੰ ਵਾਧੂ ਭੁਗਤਾਨ ਕੀਤੇ ਗਏ ਸਭ CalFresh ਬੈਨਿਫਿਟਾਂ ਦਾ ਵਾਪਸੀ-ਭੁਗਤਾਨ ਕਰਨਾ ਪੈ ਸਕਦਾ ਹੈ<br>• ਮੈਂ ਦੂਜੇ ਜੁਰਮ ਲਈ 24 ਮਹੀਨਿਆਂ ਲਈ CalFresh ਬੈਨਿਫਿਟ ਗੁਆ ਸਕਦਾ/ਸਕਦੀ ਹਾਂ ਅਤੇ ਮੈਨੂੰ ਵਾਧੂ ਭੁਗਤਾਨ ਕੀਤੇ ਗਏ ਸਭ CalFresh ਬੈਨਿਫਿਟਾਂ ਦਾ ਵਾਪਸੀ-ਭੁਗਤਾਨ ਕਰਨਾ ਪੈ ਸਕਦਾ ਹੈ<br>• ਮੈਂ ਤੀਜੇ ਜੁਰਮ ਲਈ ਸਥਾਈ ਤੌਰ 'ਤੇ CalFresh ਬੈਨਿਫਿਟ ਗੁਆ ਸਕਦਾ/ਸਕਦੀ ਹਾਂ ਅਤੇ ਮੈਨੂੰ ਵਾਧੂ ਭੁਗਤਾਨ ਕੀਤੇ ਗਏ ਸਭ CalFresh ਬੈਨਿਫਿਟਾਂ ਦਾ ਵਾਪਸੀ-ਭੁਗਤਾਨ ਕਰਨਾ ਪੈ ਸਕਦਾ ਹੈ<br>• ਮੈਨੂੰ $250,000 ਤਕ ਦਾ ਜੁਰਮਾਨਾ, 20 ਸਾਲਾਂ ਤਕ ਦੀ ਕੈਦ, ਜਾਂ ਦੋਵੇਂ ਹੋ ਸਕਦੇ ਹਨ |
| • ਨਿਯੰਤ੍ਰਿਤ ਪਦਾਰਥਾਂ, ਜਿਵੇਂ ਨਸ਼ੀਲੀਆਂ ਦਵਾਈਆਂ, ਲਈ CalFresh ਬੈਨਿਫਿਟਾਂ ਦਾ ਸੌਦਾ ਕਰਨਾ | • ਮੈਂ ਪਹਿਲੇ ਜੁਰਮ ਲਈ 24 ਮਹੀਨਿਆਂ ਲਈ CalFresh ਬੈਨਿਫਿਟ ਗੁਆ ਸਕਦਾ/ਸਕਦੀ ਹਾਂ<br>• ਮੈਂ ਦੂਜੇ ਜੁਰਮ ਲਈ ਸਥਾਈ ਤੌਰ 'ਤੇ CalFresh ਬੈਨਿਫਿਟ ਗੁਆ ਸਕਦਾ/ਸਕਦੀ ਹਾਂ |
| • ਆਪਣੀ ਪਛਾਣ ਅਤੇ ਆਪਣੀ ਰਿਹਾਇਸ਼ ਦੀ ਥਾਂ ਬਾਰੇ ਝੂਠੀ ਜਾਣਕਾਰੀ ਦੇਣਾ ਤਾਂ ਜੋ ਮੈਨੂੰ ਅਤਿਰਿਕਤ CalFresh ਬੈਨਿਫਿਟ ਮਿਲ ਸਕਣ | • ਮੈਂ ਹਰੇਕ ਜੁਰਮ ਲਈ 10 ਸਾਲਾਂ ਲਈ CalFresh ਬੈਨਿਫਿਟ ਗੁਆ ਸਕਦਾ/ਸਕਦੀ ਹਾਂ |
| • ਮੈਨੂੰ $500 ਤੋਂ ਵੱਧ ਕੀਮਤ ਦੇ CalFresh ਬੈਨਿਫਿਟਾਂ ਦਾ ਸੌਦਾ ਕਰਨ ਜਾਂ ਵੇਚਣ, ਜਾਂ ਹਥਿਆਰਾਂ, ਗੋਲੀਆਂ, ਜਾਂ ਵਿਸਫੋਟਕਾਂ ਲਈ CalFresh ਬੈਨਿਫਿਟਾਂ ਦਾ ਸੌਦਾ ਕਰਨ ਦਾ ਦੋਸ਼ੀ ਸਾਬਤ ਕੀਤਾ ਗਿਆ ਹੈ | • ਮੈਂ ਸਥਾਈ ਤੌਰ 'ਤੇ CalFresh ਬੈਨਿਫਿਟ ਗੁਆ ਸਕਦਾ/ਸਕਦੀ ਹਾਂ |

CalFresh ਪ੍ਰੋਗਰਾਮ ਦੇ ਨਿਯਮ ਪੰਨਾ 3 – ਕਿਰਪਾ ਕਰਕੇ ਇਸ ਨੂੰ ਲੈ ਲਵੋ ਅਤੇ ਆਪਣੇ ਰਿਕਾਰਡਾਂ ਲਈ ਰੱਖੋ।

**ਗੈਰ–ਨਾਗਰਿਕਾਂ ਲਈ ਮਹੱਤਵਪੂਰਨ ਜਾਣਕਾਰੀ:** ਤੁਸੀਂ ਉਨ੍ਹਾਂ ਲੋਕਾਂ ਲਈ CalFresh ਬੈਨਿਫਿਟਾਂ ਲਈ ਅਰਜ਼ੀ ਦੇ ਸਕਦੇ ਹੋ ਅਤੇ ਬੈਨਿਫਿਟ ਪ੍ਰਾਪਤ ਕਰ ਸਕਦੇ ਹੋ ਜੋ ਯੋਗ ਹਨ, ਭਾਵੇਂ ਤੁਹਾਡੇ ਪਰਿਵਾਰ ਵਿੱਚ ਦੂਜੇ ਲੋਕ ਸ਼ਾਮਲ ਹਨ ਜੋ ਯੋਗ ਨਹੀਂ ਹਨ। ਭੋਜਨ ਸਬੰਧੀ ਬੈਨਿਫਿਟ ਪ੍ਰਾਪਤ ਕਰਨ ਨਾਲ ਤੁਹਾਡੇ ਜਾਂ ਤੁਹਾਡੇ ਪਰਿਵਾਰ ਦੇ ਇਮੀਗ੍ਰੇਸ਼ਨ ਦਰਜੇ 'ਤੇ ਕੋਈ ਅਸਰ ਨਹੀਂ ਪਵੇਗਾ। ਇਮੀਗ੍ਰੇਸ਼ਨ ਸਬੰਧੀ ਜਾਣਕਾਰੀ ਨਿੱਜੀ ਅਤੇ ਗੁਪਤ ਹੁੰਦੀ ਹੈ। ਜੋ ਗੈਰ-ਨਾਗਰਿਕ ਯੋਗ ਹਨ ਅਤੇ ਬੈਨਿਫਿਟਾਂ ਲਈ ਅਰਜ਼ੀ ਦਿੰਦੇ ਹਨ, ਉਨ੍ਹਾਂ ਦੇ ਇਮੀਗ੍ਰੇਸ਼ਨ ਦਰਜੇ ਦੀ ਯੂ.ਐਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (USCIS) ਤੋਂ ਜਾਂਚ ਕੀਤੀ ਜਾਵੇਗੀ। ਸੰਘੀ ਕਨੂੰਨ ਕਹਿੰਦਾ ਹੈ ਕਿ ਧੋਖੇਬਾਜ਼ੀ ਦੇ ਮਾਮਲਿਆਂ ਤੋਂ ਇਲਾਵਾ USCIS ਕਿਸੇ ਹੋਰ ਕੰਮ ਲਈ ਜਾਣਕਾਰੀ ਇਸਤੇਮਾਲ ਨਹੀਂ ਕਰ ਸਕਦੀ।

**ਬਾਹਰ ਹੋਣ ਦੀ ਚੋਣ ਕਰਨੀ:** ਤੁਹਾਨੂੰ ਪਰਿਵਾਰ ਦੇ ਉਸ ਕਿਸੇ ਵੀ ਗੈਰ-ਨਾਗਰਿਕ ਮੈਂਬਰ (ਮੈਂਬਰਾਂ) ਲਈ, ਜੋ CalFresh ਬੈਨਿਫਿਟਾਂ ਲਈ ਅਰਜ਼ੀ ਨਹੀਂ ਦੇ ਰਹੇ ਹਨ, ਇਮੀਗ੍ਰੇਸ਼ਨ ਸਬੰਧੀ ਜਾਣਕਾਰੀ, ਸੋਸ਼ਲ ਸਿਕਉਰਿਟੀ ਨੰਬਰ, ਜਾਂ ਦਸਤਾਵੇਜ਼ ਦੇਣ ਦੀ ਲੋੜ ਨਹੀਂ ਹੈ। ਪਰ, ਤੁਹਾਡੇ ਪਰਿਵਾਰ ਦੇ CalFresh ਬੈਨਿਫਿਟਾਂ ਦਾ ਠੀਕ ਤਰ੍ਹਾਂ ਨਿਰਧਾਰਣ ਕਰਨ ਲਈ ਕਾਉਂਟੀ ਨੂੰ ਉਹਨਾਂ ਦੀ ਆਮਦਨੀ ਅਤੇ ਸਰੋਤ ਸਬੰਧੀ ਜਾਣਕਾਰੀ ਜਾਣਨ ਦੀ ਲੋੜ ਹੋਵੇਗੀ। ਕਾਉਂਟੀ ਉਹਨਾਂ ਲੋਕਾਂ ਬਾਰੇ USCIS ਨਾਲ ਸੰਪਰਕ ਨਹੀਂ ਕਰੇਗੀ ਜੋ CalFresh ਬੈਨਿਫਿਟਾਂ ਲਈ ਅਰਜ਼ੀ ਨਹੀਂ ਦਿੰਦੇ ਹਨ।

**ਸੋਸ਼ਲ ਸਿਕਉਰਿਟੀ ਨੰਬਰਾਂ (SSN) ਦੀ ਵਰਤੋਂ:** CalFresh ਬੈਨਿਫਿਟਾਂ ਲਈ ਅਰਜ਼ੀ ਦੇਣ ਵਾਲੇ ਹਰੇਕ ਵਿਅਕਤੀ ਨੂੰ SSN, ਜੇਕਰ ਤੁਹਾਡੇ ਕੋਲ ਇਹ ਹੈ, ਜਾਂ ਇਸਦਾ ਸਬੂਤ (ਜਿਵੇਂ ਸੋਸ਼ਲ ਸਿਕਉਰਿਟੀ ਆਫਿਸ ਤੋਂ ਪੱਤਰ) ਮੁਹੱਈਆ ਕਰਨ ਦੀ ਲੋੜ ਹੁੰਦੀ ਹੈ ਕਿ ਤੁਸੀਂ SSN ਲਈ ਅਰਜ਼ੀ ਦੇ ਦਿੱਤੀ ਹੈ। ਕਾਉਂਟੀ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਦੇ ਉਸ ਕਿਸੇ ਵੀ ਮੈਂਬਰ ਨੂੰ CalFresh ਬੈਨਿਫਿਟਾਂ ਤੋਂ ਇਨਕਾਰ ਕਰ ਸਕਦੀ ਹੈ ਜੋ ਸਾਨੂੰ SSN ਨਹੀਂ ਦਿੰਦਾ। ਕੁਝ ਲੋਕਾਂ ਨੂੰ ਮਦਦ ਪ੍ਰਾਪਤ ਕਰਨ ਲਈ SSN ਦੇਣ ਦੀ ਲੋੜ ਨਹੀਂ ਹੈ ਜਿਵੇਂ ਕਿ ਘਰੇਲੂ ਦੁਰਵਿਹਾਰ ਦੇ ਸ਼ਿਕਾਰ, ਜੁਰਮ-ਸਬੰਧੀ ਮੁਕੱਦਮੇ ਦੇ ਗਵਾਹ, ਅਤੇ ਤਸਕਰੀ ਦੇ ਸ਼ਿਕਾਰ ਲੋਕ।

**ਵਾਧੂ ਸਪੁਰਦਗੀ:** ਇਸਦਾ ਮਤਲਬ ਹੈ ਕਿ ਤੁਹਾਨੂੰ ਉਸ ਤੋਂ ਜ਼ਿਆਦਾ CalFresh ਬੈਨਿਫਿਟ ਮਿਲੇ ਸਨ ਜਿੰਨੇ ਤੁਹਾਨੂੰ ਮਿਲਣੇ ਚਾਹੀਦੇ ਸਨ। ਭਾਵੇਂ ਕਾਉਂਟੀ ਨੇ ਕੋਈ ਗਲਤੀ ਕੀਤੀ ਸੀ ਜਾਂ ਇਹ ਇਰਾਦਤਨ ਨਹੀਂ ਸੀ, ਤੁਹਾਨੂੰ ਉਹ ਵਾਪਸ ਕਰਨੇ ਪੈਣਗੇ। ਤੁਹਾਡੇ ਬੈਨਿਫਿਟ ਘਟਾਏ ਜਾਂ ਬੰਦ ਕੀਤੇ ਜਾ ਸਕਦੇ ਹਨ। ਅਦਾਲਤਾਂ, ਦੂਜੀਆਂ ਵਸੂਲੀ ਏਜੰਸੀਆਂ, ਜਾਂ ਸੰਘੀ ਸਰਕਾਰ ਦੀ ਵਸੂਲੀ ਕਾਰਵਾਈ ਰਾਹੀਂ, ਬੈਨਿਫਿਟਾਂ ਦੀ ਬਕਾਇਆ ਰਕਮ ਵਸੂਲ ਕਰਨ ਲਈ ਤੁਹਾਡੇ SSN ਨੂੰ ਵਰਤਿਆ ਜਾ ਸਕਦਾ ਹੈ।

**ਰਿਪੋਰਟ ਕਰਨਾ:** ਤੁਹਾਡੇ ਪਰਿਵਾਰ ਨੂੰ ਉਹਨਾਂ ਤਬਦੀਲੀਆਂ ਦੀ ਰਿਪੋਰਟ ਕਰਨੀ ਜਾਰੀ ਰੱਖਣੀ ਚਾਹੀਦੀ ਹੈ ਜਿਨ੍ਹਾਂ ਬਾਰੇ ਕਾਉਂਟੀ ਨੇ ਤੁਹਾਨੂੰ ਰਿਪੋਰਟ ਕਰਨ ਲਈ ਕਿਹਾ ਸੀ। ਜੇ ਤੁਸੀਂ ਰਿਪੋਰਟ ਨਹੀਂ ਕਰਦੇ ਹੋ, ਤਾਂ ਤੁਹਾਡੇ ਬੈਨਿਫਿਟ ਘਟਾਏ ਜਾਂ ਬੰਦ ਕੀਤੇ ਜਾ ਸਕਦੇ ਹਨ। ਤੁਸੀਂ ਅਜਿਹੀਆਂ ਗੱਲਾਂ ਹੋਣ 'ਤੇ ਵੀ ਰਿਪੋਰਟ ਕਰ ਸਕਦੇ ਹੋ ਜੋ ਤੁਹਾਡੇ ਬੈਨਿਫਿਟਾਂ ਨੂੰ ਵਧਾ ਸਕਦੀਆਂ ਹਨ, ਜਿਵੇਂ ਘੱਟ ਆਮਦਨੀ ਮਿਲਣੀ।

**ਸਟੇਟ ਸੁਣਵਾਈ:** ਜੇਕਰ ਤੁਸੀਂ ਆਪਣੇ ਮੁੜ-ਪ੍ਰਮਾਣੀਕਰਣ ਜਾਂ ਜਾਰੀ ਬੈਨਿਫਿਟਾਂ ਦੇ ਸਬੰਧ ਵਿੱਚ ਕੀਤੀ ਗਈ ਕਿਸੇ ਵੀ ਕਾਰਵਾਈ ਨਾਲ ਸਹਿਮਤ ਨਹੀਂ ਹੋ ਤਾਂ ਤੁਹਾਨੂੰ ਸਟੇਟ ਸੁਣਵਾਈ ਦਾ ਹੱਕ ਹੈ। ਤੁਸੀਂ ਕਾਉਂਟੀ ਦੀ ਕਾਰਵਾਈ ਤੋਂ ਬਾਅਦ 90 ਦਿਨਾਂ ਦੇ ਅੰਦਰ ਸਟੇਟ ਸੁਣਵਾਈ ਲਈ ਬੇਨਤੀ ਕਰ ਸਕਦੇ ਹੋ ਅਤੇ ਤੁਹਾਨੂੰ ਇਹ ਦੱਸਣਾ ਪਵੇਗਾ ਕਿ ਤੁਸੀਂ ਸੁਣਵਾਈ ਕਿਉਂ ਚਾਹੁੰਦੇ ਹੋ। ਤੁਹਾਨੂੰ ਕਾਉਂਟੀ ਤੋਂ ਮਿਲਣ ਵਾਲੇ ਪ੍ਰਵਾਨਗੀ ਜਾਂ ਇਨਕਾਰ ਸਬੰਧੀ ਨੋਟਿਸ ਵਿੱਚ ਜਾਣਕਾਰੀ ਹੋਵੇਗੀ ਕਿ ਸਟੇਟ ਸੁਣਵਾਈ ਲਈ ਬੇਨਤੀ ਕਿਵੇਂ ਕਰਨੀ ਹੈ।

**ਵਿਤਕਰਾ ਨਾ ਕਰਨਾ:** ਇਹ ਸਟੇਟ ਅਤੇ ਕਾਉਂਟੀ ਦੀ ਨੀਤੀ ਹੈ ਕਿ ਸਭ ਲੋਕਾਂ ਨਾਲ ਬਰਾਬਰ, ਅਤੇ ਇੱਜ਼ਤ ਅਤੇ ਮਾਣ ਨਾਲ ਵਿਹਾਰ ਕੀਤਾ ਜਾਵੇ। ਸੰਘੀ ਕਨੂੰਨ ਅਤੇ ਯੂ.ਐਸ. ਡਿਪਾਰਟਮੈਂਟ ਆਫ ਐਗਰੀਕਲਚਰ (USDA) ਦੀ ਨੀਤੀ ਦੇ ਮੁਤਾਬਕ, ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਉਮਰ, ਧਰਮ, ਸਿਆਸੀ ਵਿਸ਼ਵਾਸ, ਜਾਂ ਅਸਮਰਥਤਾਵਾਂ ਦੇ ਅਧਾਰ 'ਤੇ ਵਿਤਕਰਾ ਕਰਨਾ ਸਖ਼ਤ ਵਰਜਿਤ ਹੈ। ਵਿਤਕਰੇ ਦੀ ਸ਼ਿਕਾਇਤ ਦਰਜ ਕਰਵਾਉਣ ਲਈ, ਆਪਣੀ ਕਾਉਂਟੀ ਦੇ ਸਿਵਿਲ ਰਾਈਟਸ ਕੋਆਰਡੀਨੇਟਰ ਨਾਲ ਸੰਪਰਕ ਕਰੋ, ਜਾਂ USDA ਜਾਂ ਕੈਲੀਫੋਰਨੀਆ ਡਿਪਾਰਟਮੈਂਟ ਆਫ ਸੋਸ਼ਲ ਸਰਵਿਸਿਜ਼ (CDSS) ਨਾਲ ਸੰਪਰਕ ਕਰੋ।

USDA Director, Office of Civil Rights Room
326-W, Whitten Building
1400 Independence Ave., S.W.
Washington, D.C. 20250-9410
1-202-720-5964 (ਆਵਾਜ਼ ਅਤੇ TDD)

CDSS Civil Rights Bureau
P.O.BOX 944243, M.S. 8-16-70
Sacramento, CA 94244-2430
1-866-741-6241 (ਟੋਲ ਫ੍ਰੀ)

USDA ਬਰਾਬਰ ਮੌਕੇ ਦੇਣ ਵਾਲਾ ਰੁਜ਼ਗਾਰਦਾਤਾ ਹੈ।

CalFresh ਪ੍ਰੋਗਰਾਮ ਦੇ ਨਿਯਮ ਪੰਨਾ 4 – ਕਿਰਪਾ ਕਰਕੇ ਇਸ ਨੂੰ ਲੈ ਲਵੋ ਅਤੇ ਆਪਣੇ ਰਿਕਾਰਡਾਂ ਲਈ ਰੱਖੋ।

**ਗੁਪਤਤਾ ਕਾਨੂੰਨ ਅਤੇ ਬੇਦਾਅਵਾ:** ਤੁਸੀਂ ਅਰਜ਼ੀ ਵਿੱਚ ਨਿੱਜੀ ਜਾਣਕਾਰੀ ਦੇ ਰਹੇ ਹੋ। ਕਾਉਂਟੀ ਇਸ ਜਾਣਕਾਰੀ ਨੂੰ ਇਹ ਵੇਖਣ ਲਈ ਵਰਤਦੀ ਹੈ ਕਿ ਕੀ ਤੁਸੀਂ ਬੈਨਿਫਿਟਾਂ ਲਈ ਯੋਗ ਹੋ। ਜੇਕਰ ਤੁਸੀਂ ਮੰਗੀ ਗਈ ਜਾਣਕਾਰੀ ਨਹੀਂ ਦਿੰਦੇ ਹੋ, ਤਾਂ ਕਾਉਂਟੀ ਤੁਹਾਡੀ ਅਰਜ਼ੀ ਨੂੰ ਨਕਾਰ ਸਕਦੀ ਹੈ। ਤੁਹਾਨੂੰ ਤੁਹਾਡੇ ਦੁਆਰਾ ਕਾਉਂਟੀ ਨੂੰ ਦਿੱਤੀ ਗਈ ਕਿਸੇ ਵੀ ਜਾਣਕਾਰੀ ਦੀ ਸਮੀਖਿਆ ਕਰਨ, ਉਸਨੂੰ ਬਦਲਣ, ਜਾਂ ਉਸਨੂੰ ਠੀਕ ਕਰਨ ਦਾ ਹੱਕ ਹੈ। ਜਦੋਂ ਤਕ ਤੁਸੀਂ ਕਾਉਂਟੀ ਨੂੰ ਇਜਾਜ਼ਤ ਨਹੀਂ ਦਿੰਦੇ ਜਾਂ ਸੰਘੀ ਜਾਂ ਸਟੇਟ ਦਾ ਕਨੂੰਨ ਉਸਨੂੰ ਇੰਝ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਕਾਉਂਟੀ ਤੁਹਾਡੀ ਜਾਣਕਾਰੀ ਦੂਜਿਆਂ ਨੂੰ ਦਿਖਾਏਗੀ ਜਾਂ ਦੇਵੇਗੀ ਨਹੀਂ। ਕਾਉਂਟੀ, ਇਨਕਮ ਅਤੇ ਅਰਨਿੰਗਜ਼ ਵੈਰੀਫਿਕੇਸ਼ਨ ਸਿਸਟਮ (IEVS) ਸਮੇਤ, ਕੰਪਿਊਟਰ ਮਿਲਾਨ ਪ੍ਰੋਗਰਾਮਾਂ ਦੇ ਨਾਲ ਇਸ ਜਾਣਕਾਰੀ ਦੀ ਪੁਸ਼ਟੀ ਕਰੇਗੀ। ਇਹ ਜਾਣਕਾਰੀ ਪ੍ਰੋਗਰਾਮ ਦੇ ਕਾਇਦਿਆਂ ਦੀ ਪਾਲਣਾ ਦੀ ਨਿਗਰਾਨੀ ਕਰਨ ਅਤੇ ਪ੍ਰੋਗਰਾਮ ਦੇ ਪ੍ਰਬੰਧਨ ਲਈ ਵਰਤੀ ਜਾਵੇਗੀ। ਕਾਉਂਟੀ ਅਧਿਕਾਰਤ ਜਾਂਚ ਲਈ ਦੂਜੀਆਂ ਸੰਘੀ ਅਤੇ ਸਟੇਟ ਏਜੰਸੀਆਂ ਨਾਲ, ਕਾਨੂੰਨ ਤੋਂ ਬਚਣ ਲਈ ਫ਼ਰਾਰ ਹੋਣ ਵਾਲੇ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈਣ ਲਈ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨਾਲ, ਅਤੇ ਦਾਅਵਾ ਵਸੂਲੀ ਕਾਰਵਾਈ ਲਈ ਨਿੱਜੀ ਦਾਅਵਾ ਵਸੂਲੀ ਏਜੰਸੀਆਂ ਨਾਲ ਇਹ ਜਾਣਕਾਰੀ ਸਾਂਝੀ ਕਰ ਸਕਦੀ ਹੈ। ਇਹਨਾਂ ਏਜੰਸੀਆਂ ਤੋਂ ਕਾਉਂਟੀ ਨੂੰ ਪ੍ਰਾਪਤ ਹੋਣ ਵਾਲੀ ਜਾਣਕਾਰੀ ਤੁਹਾਡੀ ਯੋਗਤਾ ਅਤੇ ਬੈਨਿਫਿਟਾਂ ਦੇ ਪੱਧਰ ਨੂੰ ਪ੍ਰਭਾਵਿਤ ਕਰ ਸਕਦੀ ਹੈ।

**ਕੇਸ ਫ਼ਾਈਲ ਸਮੀਖਿਆਵਾਂ:** ਇਹ ਯਕੀਨੀ ਬਣਾਉਣ ਲਈ ਤੁਹਾਡਾ ਕੇਸ ਵਾਧੂ ਸਮੀਖਿਆ ਲਈ ਚੁਣਿਆ ਜਾ ਸਕਦਾ ਹੈ ਕਿ ਤੁਹਾਡੀ ਯੋਗਤਾ ਠੀਕ ਤਰ੍ਹਾਂ ਕੱਢੀ ਗਈ ਸੀ। ਤੁਹਾਨੂੰ, ਗੁਣਵੱਤਾ ਨਿਯੰਤ੍ਰਣ ਸਮੀਖਿਆ ਸਮੇਤ, ਕਿਸੇ ਜਾਂਚ-ਪੜਤਾਲ ਜਾਂ ਸਮੀਖਿਆ ਵਿੱਚ ਕਾਉਂਟੀ, ਸਟੇਟ, ਜਾਂ ਸੰਘੀ ਮੁਲਾਜ਼ਮਾਂ ਨਾਲ ਪੂਰਾ ਸਹਿਯੋਗ ਕਰਨਾ ਚਾਹੀਦਾ ਹੈ। ਇਨ੍ਹਾਂ ਸਮੀਖਿਆਵਾਂ ਵਿੱਚ ਸਹਿਯੋਗ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਤੁਹਾਡੇ ਬੈਨਿਫਿਟ ਬੰਦ ਹੋ ਸਕਦੇ ਹਨ।

**CalFresh ਲਈ ਕੰਮ ਦੇ ਨਿਯਮ:** ਕਾਉਂਟੀ ਤੁਹਾਨੂੰ ਕਿਸੇ ਕੰਮ ਦੇ ਪ੍ਰੋਗਰਾਮ ਵਿੱਚ ਮੁਕਰਰ ਕਰ ਸਕਦੀ ਹੈ। ਜੇ ਕਾਉਂਟੀ ਦੁਆਰਾ ਮੰਗ ਕੀਤੇ ਜਾਣ 'ਤੇ ਤੁਸੀਂ ਹਿੱਸਾ ਨਹੀਂ ਲੈਂਦੇ ਹੋ, ਤੁਹਾਡੇ ਬੈਨਿਫਿਟ ਘਟਾਏ ਜਾਂ ਬੰਦ ਕੀਤੇ ਜਾ ਸਕਦੇ ਹਨ। ਨਾਲ ਹੀ, ਜੇਕਰ ਤੁਸੀਂ ਹਾਲ ਹੀ ਵਿੱਚ ਨੌਕਰੀ ਛੱਡੀ ਹੈ ਤਾਂ ਹੋ ਸਕਦਾ ਹੈ ਤੁਸੀਂ CalFresh ਲਈ ਯੋਗ ਨਾ ਹੋਵੋ।

**EBT ਦੀ ਵਰਤੋਂ:** ਤੁਹਾਡੇ, ਤੁਹਾਡੇ ਪਰਿਵਾਰ ਦੇ ਮੈਂਬਰ, ਤੁਹਾਡੇ ਇਖਤਿਆਰੀ ਨੁਮਾਇੰਦੇ, ਜਾਂ ਕਿਸੇ ਹੋਰ ਵਿਅਕਤੀ, ਜਿਸਨੂੰ ਤੁਸੀਂ ਆਪਣੀ ਮਰਜ਼ੀ ਨਾਲ ਆਪਣਾ EBT ਕਾਰਡ ਅਤੇ PIN ਨੰਬਰ ਦਿੰਦੇ ਹੋ, ਦੁਆਰਾ EBT ਕਾਰਡ ਦੀ ਕਿਸੇ ਵੀ ਵਰਤੋਂ ਨੂੰ ਤੁਹਾਡੇ ਦੁਆਰਾ ਮੰਨਜ਼ੂਰਸ਼ੁਦਾ ਮੰਨਿਆ ਜਾਵੇਗਾ ਅਤੇ ਤੁਹਾਡੇ ਖਾਤੇ ਵਿੱਚੋਂ ਕੱਢੀ ਗਈ ਬੈਨਿਫਿਟ ਦੀ ਕੋਈ ਵੀ ਰਕਮ ਵਾਪਸ **ਨਹੀਂ** ਕੀਤੀ ਜਾਵੇਗੀ।

# ਨੋਟ

cal fresh
BETTER FOOD FOR BETTER LIVING

# ਮੁੜ-ਪ੍ਰਮਾਣੀਕਰਣ ਅਰਜ਼ੀ – ਸਿਰਫ CALFRESH ਵਾਲੇ ਪਰਿਵਾਰ

ਕਿਸੇ ਰੁਕਾਵਟ ਦੇ ਬਿਨਾਂ ਸਮੇਂ ਸਿਰ ਆਪਣੇ ਬੈਨਿਫਿਟਾਂ ਦਾ ਆਉਣਾ ਜਾਰੀ ਰੱਖਣ ਲਈ, ਕਿਰਪਾ ਕਰਕੇ ਆਪਣੀ ਪ੍ਰਮਾਣੀਕਰਣ ਮਿਆਦ ਦੇ ਸਮਾਪਤ ਹੋਣ ਤੋਂ **ਪਹਿਲਾਂ** ਇਸ ਫਾਰਮ ਨੂੰ ਭਰ ਕੇ, ਅਤੇ ਇਸ 'ਤੇ ਦਸਤਖਤ ਕਰਕੇ ਅਤੇ ਮਿਤੀ ਪਾ ਕੇ, ਇਹ ਕਾਉਂਟੀ ਨੂੰ ਵਾਪਸ ਕਰ ਦਿਓ ਅਤੇ ਆਪਣੇ ਹਾਲਾਤ ਦਾ ਸਬੂਤ ਮੁਹੱਈਆ ਕਰੋ। ਸਾਨੂੰ ਇਸ ਮਿਤੀ ਤਕ ਜਾਣਕਾਰੀ ਚਾਹੀਦੀ ਹੈ ਕਿਉਂਕਿ ਮੁੜ-ਪ੍ਰਮਾਣੀਕਰਣ ਖ਼ਤਮ ਕਰਨ ਵਾਸਤੇ ਸਾਨੂੰ ਤੁਹਾਡੀ ਇੰਟਰਵਿਊ ਲੈਣ ਦੀ ਲੋੜ ਹੋਵੇਗੀ। ਅਸੀਂ **ਸਿਰਫ** ਉਹਨਾਂ **ਤਬਦੀਲੀਆਂ** ਬਾਰੇ ਜਾਣਨਾ ਚਾਹੁੰਦੇ ਹਾਂ ਜੋ ਤੁਹਾਡੇ ਦੁਆਰਾ ਪਿਛਲੀ ਵਾਰ ਕਾਉਂਟੀ ਨੂੰ ਜਾਣਕਾਰੀ ਦੇਣ ਦੇ ਬਾਅਦ ਤੁਹਾਡੇ ਪਰਿਵਾਰ ਵਿੱਚ ਹੋਈਆਂ ਹਨ। CalFresh ਮੁੜ-ਪ੍ਰਮਾਣੀਕਰਣ ਸ਼ੁਰੂ ਕਰਨ ਲਈ ਸਾਨੂੰ **ਘੱਟੋ-ਘੱਟ** ਤੁਹਾਡਾ ਨਾਮ, ਦਸਤਖਤ, ਪਤਾ, ਅਤੇ ਮਿਤੀ ਲਿਖਿਆ ਹੋਇਆ ਫਾਰਮ ਚਾਹੀਦਾ ਹੈ।

ਕੇਸ ਦਾ ਨਾਮ: ________________________ ਕੇਸ ਨੰਬਰ: ________________________

**1. ਕੀ ਕੋਈ ਵਿਅਕਤੀ ਤੁਹਾਡੇ ਘਰ ਰਹਿਣ ਆਇਆ ਹੈ ਜਾਂ ਤੁਹਾਡੇ ਘਰ ਤੋਂ ਚਲਾ ਗਿਆ ਹੈ (ਨਵੇਂ ਜਨਮੇ ਬੱਚਿਆਂ ਸਮੇਤ)?** ☐ **ਹਾਂ** ☐ **ਨਹੀਂ** (ਜੇ ਹਾਂ, ਹੇਠਾਂ ਸੈਕਸ਼ਨ ਭਰੋ)

| ਸਥਾਨ ਬਦਲਣ ਦੀ ਮਿਤੀ (ਮਹੀਨਾ/ਦਿਨ/ਸਾਲ) | ਨਾਮ (ਪਹਿਲਾ, ਵਿਚਲਾ, ਆਖਰੀ ਹਿੱਸਾ) | ਜਨਮ ਮਿਤੀ | ਤੁਹਾਡੇ ਨਾਲ ਰਿਸ਼ਤਾ | ਨਿਯਮਿਤ ਤੌਰ 'ਤੇ ਇਕੱਠੇ ਭੋਜਨ ਖਰੀਦਦੇ ਅਤੇ ਤਿਆਰ ਕਰਦੇ ਹੋ? |
|---|---|---|---|---|
| ☐ ਆਇਆ ☐ ਗਿਆ / / | | / / | | ☐ ਹਾਂ ☐ ਨਹੀਂ |
| ☐ ਆਇਆ ☐ ਗਿਆ / / | | / / | | ☐ ਹਾਂ ☐ ਨਹੀਂ |
| ☐ ਆਇਆ ☐ ਗਿਆ / / | | / / | | ☐ ਹਾਂ ☐ ਨਹੀਂ |

**2.** ਤੁਸੀਂ ਆਪਣੇ CalFresh ਬੈਨਿਫਿਟਾਂ ਵਿੱਚ ਆਪਣੇ ਪਰਿਵਾਰ ਦੀ ਮਦਦ ਕਰਨ ਲਈ 18 ਸਾਲ ਜਾਂ ਵੱਧ ਉਮਰ ਦੇ ਕਿਸੇ ਵਿਅਕਤੀ ਨੂੰ ਅਧਿਕਾਰ ਦੇ ਸਕਦੇ ਹੋ। ਇਹ ਵਿਅਕਤੀ ਇੰਟਰਵਿਊ ਵਿਖੇ ਤੁਹਾਡੇ ਲਈ ਬੋਲ ਸਕਦਾ ਹੈ, ਫਾਰਮ ਭਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ, ਅਤੇ ਤੁਹਾਡੇ ਲਈ ਤਬਦੀਲੀਆਂ ਦੀ ਰਿਪੋਰਟ ਕਰ ਸਕਦਾ ਹੈ। ਤੁਹਾਨੂੰ ਉਹਨਾਂ ਕਿਸੇ ਵੀ ਬੈਨਿਫਿਟਾਂ ਦਾ ਵਾਪਸੀ ਭੁਗਤਾਨ ਕਰਨਾ ਪਵੇਗਾ ਜੋ ਇਸ ਵਿਅਕਤੀ ਦੁਆਰਾ ਕਾਉਂਟੀ ਨੂੰ ਦਿੱਤੀ ਗਈ ਜਾਣਕਾਰੀ ਦੇ ਕਾਰਨ ਤੁਹਾਨੂੰ ਗਲਤੀ ਨਾਲ ਮਿਲਦੇ ਹਨ ਅਤੇ ਅਜਿਹੇ ਕਿਸੇ ਵੀ ਬੈਨਿਫਿਟਾਂ, ਜੋ ਤੁਸੀਂ ਨਹੀਂ ਚਾਹੁੰਦੇ ਕਿ ਉਹ ਖਰਚ ਕਰਨ, ਨੂੰ ਬਦਲਿਆ ਨਹੀਂ ਜਾਵੇਗਾ। ਜੇ ਤੁਸੀਂ ਅਧਿਕਾਰਤ ਪ੍ਰਤਿਨਿਧੀ ਹੋ ਤਾਂ ਤੁਹਾਨੂੰ ਕਾਉਂਟੀ ਨੂੰ ਆਪਣੇ ਲਈ ਅਤੇ ਬਿਨੈਕਾਰ ਲਈ ਪਛਾਣ ਦਾ ਸਬੂਤ ਦੇਣ ਦੀ ਲੋੜ ਹੋਵੇਗੀ।

**ਕੀ ਤੁਸੀਂ ਆਪਣੇ CalFresh ਮਾਮਲੇ ਵਿੱਚ ਤੁਹਾਡੀ ਮਦਦ ਕਰਨ ਲਈ ਕਿਸੇ ਵਿਅਕਤੀ ਦਾ ਨਾਮ ਦੇਣਾ ਚਾਹੁੰਦੇ ਹੋ?** ☐ **ਹਾਂ** ☐ **ਨਹੀਂ**
ਜੇ **ਹਾਂ**, ਤਾਂ ਹੇਠਾਂ ਦਿੱਤਾ ਭਾਗ ਭਰੋ:

| ਅਧਿਕਾਰਤ ਪ੍ਰਤਿਨਿਧ ਦਾ ਨਾਮ | ਅਧਿਕਾਰਤ ਪ੍ਰਤਿਨਿਧ ਦਾ ਫੋਨ ਨੰਬਰ |
|---|---|
| | |

**ਕੀ ਤੁਸੀਂ ਆਪਣੇ ਪਰਿਵਾਰ ਲਈ CalFresh ਬੈਨਿਫਿਟ ਪ੍ਰਾਪਤ ਕਰਨ ਅਤੇ ਖਰਚਣ ਲਈ ਕਿਸੇ ਵਿਅਕਤੀ ਦਾ ਨਾਮ ਦੇਣਾ ਚਾਹੁੰਦੇ ਹੋ?** ☐ **ਹਾਂ** ☐ **ਨਹੀਂ**
ਜੇ **ਹਾਂ**, ਤਾਂ ਹੇਠਾਂ ਦਿੱਤਾ ਭਾਗ ਭਰੋ:

| ਨਾਮ | | ਫੋਨ ਨੰਬਰ | |
|---|---|---|---|
| ਪਤਾ | ਸ਼ਹਿਰ | ਰਾਜ | ਜ਼ਿਪ ਕੋਡ |

**3. ਕੀ ਤੁਹਾਡੇ ਪਤੇ ਵਿੱਚ ਕੋਈ ਤਬਦੀਲੀਆਂ ਹੋਈਆਂ ਹਨ?** ☐ **ਹਾਂ** ☐ **ਨਹੀਂ** (ਜੇ ਹਾਂ, ਹੇਠਾਂ ਸੈਕਸ਼ਨ ਭਰੋ)

ਨਵਾਂ ਪਤਾ: ________________________ ਰਿਹਾਇਸ਼ ਬਦਲਣ ਦੀ ਮਿਤੀ: ____________
ਡਾਕ ਪਤਾ (ਜੇ ਉਪਰੋਕਤ ਤੋਂ ਵੱਖਰਾ ਹੈ) ________________________

**4. ਜੇ ਤੁਸੀਂ ਰਹਿਣ ਦੀ ਜਗ੍ਹਾ ਬਦਲ ਲਈ ਹੈ ਜਾਂ ਤੁਹਾਡੀਆਂ ਨਵੀਆਂ/ਬਦਲੀਆਂ ਹੋਈਆਂ ਰਿਹਾਇਸ਼ੀ ਲਾਗਤਾਂ ਹਨ ਤਾਂ ਹੇਠਾਂ ਜਾਣਕਾਰੀ ਭਰੋ:**

ਹੁਣ ਤੁਹਾਡਾ ਪ੍ਰਤੀ ਮਹੀਨਾ ਕਿਰਾਇਆ ਜਾਂ ਮੌਰਗੇਜ? $____________
ਜੇ ਵੱਖਰੇ ਤੌਰ 'ਤੇ ਦਿੱਤੇ ਜਾਂਦੇ ਹਨ, ਤਾਂ ਹੁਣ ਤੁਹਾਡੇ ਪ੍ਰਤੀ ਮਹੀਨਾ ਪ੍ਰਾਪਰਟੀ ਟੈਕਸ ਅਤੇ ਘਰ ਦਾ ਬੀਮਾ? $____________

**4a. ਕੀ ਤੁਹਾਡੀਆਂ ਸਹੂਲਤਾਂ ਦੀਆਂ ਲਾਗਤਾਂ ਹਨ ਜੋ ਤੁਹਾਡੀਆਂ ਰਿਹਾਇਸ਼ੀ ਲਾਗਤਾਂ ਵਿੱਚ ਸ਼ਾਮਲ ਨਹੀਂ ਹਨ? ਜੇ ਹਾਂ, ਤਾਂ ਨਿਸ਼ਾਨ ਲਗਾਉ ਕਿ ਕਿਹੜੀਆਂ:**

☐ ਫੋਨ ☐ ਕੂੜਾ ☐ ਪਾਣੀ ☐ ਇਲੈਕਟ੍ਰਿਕ/ਗੈਸ ☐ ਹੋਰ ਹੀਟਿੰਗ ਜਾਂ ਕੂਲਿੰਗ ਲਾਗਤਾਂ

**5. ਕੀ ਤੁਸੀਂ ਬੇਘਰ ਹੋ?** ☐ **ਹਾਂ** ☐ **ਨਹੀਂ** ਜੇ **ਹਾਂ**, ਤਾਂ ਕੀ ਤੁਸੀਂ ਆਸਰੇ ਦੀਆਂ ਲਾਗਤਾਂ ਦਾ ਭੁਗਤਾਨ ਕਰਦੇ ਹੋ? ☐ **ਹਾਂ** ☐ **ਨਹੀਂ**

ਕੇਸ ਦਾ ਨਾਮ: ____________________ ਕੇਸ ਨੰਬਰ: ____________________

**6. ਵਿਦਿਆਰਥੀ: ਕੀ ਤੁਹਾਡੇ ਸਮੇਤ, ਬੈਨਿਫਿਟਾਂ ਲਈ ਅਰਜ਼ੀ ਦੇ ਰਿਹਾ ਕੋਈ ਵਿਅਕਤੀ ਕਾਲਜ ਜਾਂ ਵੋਕੇਸ਼ਨਲ ਸਕੂਲ ਜਾ ਰਿਹਾ ਹੈ।** ☐ ਹਾਂ ☐ ਨਹੀਂ

ਜੇ **ਹਾਂ**, ਤਾਂ ਕਿਰਪਾ ਕਰਕੇ ਹੇਠਾਂ ਜਾਣਕਾਰੀ ਮੁਹੱਈਆ ਕਰੋ: ਜੇ **ਨਹੀਂ**, ਤਾਂ ਸਿੱਧਾ ਅਗਲੇ ਪ੍ਰਸ਼ਨ 'ਤੇ ਜਾਓ।

| **ਵਿਅਕਤੀ ਦਾ ਨਾਮ** | **ਸਕੂਲ/ਸਿਖਲਾਈ ਦਾ ਨਾਮ** | **ਦਾਖਲ ਹੋਣ ਦੀ ਸਥਿਤੀ**<br>( ✓ ਇੱਕ 'ਤੇ ਸਹੀ ਲਗਾਉ) | **ਕੀ ਇਹ ਵਿਅਕਤੀ ਕੰਮ ਕਰ ਰਿਹਾ ਹੈ?** |
|---|---|---|---|
| | | ☐ ਅੱਧਾ ਸਮਾਂ ਜਾਂ ਜ਼ਿਆਦਾ<br>☐ ਅੱਧੇ-ਸਮੇਂ ਤੋਂ ਘੱਟ<br>☐ ਯੂਨਿਟਾਂ ਦੀ ਸੰਖਿਆ:_________ | ☐ **ਨਹੀਂ**<br>☐ **ਹਾਂ**, ਪ੍ਰਤੀ ਹਫਤਾ ਕੰਮ ਦੇ ਔਸਤਨ ਘੰਟੇ:_________ |
| | | ☐ ਅੱਧਾ ਸਮਾਂ ਜਾਂ ਜ਼ਿਆਦਾ<br>☐ ਅੱਧੇ-ਸਮੇਂ ਤੋਂ ਘੱਟ<br>☐ ਯੂਨਿਟਾਂ ਦੀ ਸੰਖਿਆ:_________ | ☐ **ਨਹੀਂ**<br>☐ **ਹਾਂ**, ਪ੍ਰਤੀ ਹਫਤਾ ਕੰਮ ਦੇ ਔਸਤਨ ਘੰਟੇ:_________ |

**7. ਕੀ ਕਿਸੇ ਨੂੰ ਵਰਤਮਾਨ ਵਿੱਚ ਰੁਜ਼ਗਾਰ ਤੋਂ ਆਮਦਨੀ ਮਿਲ ਰਹੀ ਹੈ?** ☐ ਹਾਂ ☐ ਨਹੀਂ

ਜੇ **ਹਾਂ**, ਤਾਂ ਹੇਠਾਂ ਸੈਕਸ਼ਨ ਭਰੋ ਅਤੇ ਸਬੂਤ ਨੱਥੀ ਕਰੋ। ਕੰਮ ਕਰਨ ਵਾਲੇ ਹਰੇਕ ਵਿਅਕਤੀ ਲਈ ਹਰੇਕ ਨੌਕਰੀ ਦੱਸੋ। ਜੇ ਤੁਹਾਨੂੰ ਹੋਰ ਜਗ੍ਹਾ ਦੀ ਲੋੜ ਹੋਵੇ, ਤਾਂ ਕਾਗਜ਼ ਦੀ ਵੱਖਰੀ ਸ਼ੀਟ ਜੋੜੋ ਅਤੇ ਦੱਸੋ ਕਿ ਤੁਸੀਂ ਕਿਸ ਪ੍ਰਸ਼ਨ ਬਾਰੇ ਲਿਖ ਰਹੇ ਹੋ। ਉਦਾਹਰਨਾਂ ਵਿੱਚ ਸ਼ਾਮਲ ਹਨ ਬੱਚੇ ਦੀ ਦੇਖਭਾਲ, ਤਨਖਾਹ, ਸਵੈ-ਰੁਜ਼ਗਾਰ, ਬੀਮਾਰੀ ਦੀ ਤਨਖਾਹ, ਬਖ਼ਸ਼ੀਸ਼, ਆਦਿ।

| | ਨੌਕਰੀ #1 | ਨੌਕਰੀ #2 | ਨੌਕਰੀ #3 |
|---|---|---|---|
| ਉਸ ਵਿਅਕਤੀ ਦਾ ਨਾਮ ਜਿਸਨੂੰ ਆਮਦਨੀ ਮਿਲਦੀ ਹੈ: | | | |
| ਰੁਜ਼ਗਾਰਦਾਤਾ ਦਾ ਨਾਮ: | ਸਵੈ-ਰੁਜ਼ਗਾਰ, ਸਹੀ ਲਗਾਉ ☐ | ਸਵੈ-ਰੁਜ਼ਗਾਰ, ਸਹੀ ਲਗਾਉ ☐ | ਸਵੈ-ਰੁਜ਼ਗਾਰ, ਸਹੀ ਲਗਾਉ ☐ |
| ਕਦੋਂ-ਕਦੋਂ ਭੁਗਤਾਨ ਕੀਤਾ ਗਿਆ: | ☐ ਹਫਤਾਵਾਰ ☐ ਦੋ ਹਫ਼ਤਿਆਂ ਬਾਅਦ ☐ ਕੋਈ ਹੋਰ<br>☐ ਮਹੀਨਾਵਾਰ ☐ ਮਹੀਨੇ ਵਿੱਚ ਦੋ ਵਾਰ | ☐ ਹਫਤਾਵਾਰ ☐ ਦੋ ਹਫ਼ਤਿਆਂ ਬਾਅਦ ☐ ਕੋਈ ਹੋਰ<br>☐ ਮਹੀਨਾਵਾਰ ☐ ਮਹੀਨੇ ਵਿੱਚ ਦੋ ਵਾਰ | ☐ ਹਫਤਾਵਾਰ ☐ ਦੋ ਹਫ਼ਤਿਆਂ ਬਾਅਦ ☐ ਕੋਈ ਹੋਰ<br>☐ ਮਹੀਨਾਵਾਰ ☐ ਮਹੀਨੇ ਵਿੱਚ ਦੋ ਵਾਰ |
| ਮਹੀਨਾਵਾਰ ਕੁੱਲ ਆਮਦਨੀ: | $ | $ | $ |
| ਪ੍ਰਤੀ ਮਹੀਨਾ ਕੰਮ ਕੀਤੇ ਘੰਟੇ: | | | |
| ਕੀ ਇਹ ਆਮਦਨੀ ਜਾਰੀ ਰਹੇਗੀ? | ☐ **ਹਾਂ** ☐ **ਨਹੀਂ** | ☐ **ਹਾਂ** ☐ **ਨਹੀਂ** | ☐ **ਹਾਂ** ☐ **ਨਹੀਂ** |

**7a. ਕੀ ਨੇੜਲੇ ਭਵਿੱਖ ਵਿੱਚ ਕਿਸੇ ਦੀ ਨੌਕਰੀ ਜਾਂ ਆਮਦਨੀ ਵਿੱਚ ਕੋਈ ਤਬਦੀਲੀ ਹੋਵੇਗੀ?** ☐ ਹਾਂ ☐ ਨਹੀਂ

ਉਦਾਹਰਨਾਂ: ਕੋਈ ਨੌਕਰੀ ਬੰਦ ਕਰਨੀ, ਸ਼ੁਰੂ ਕਰਨੀ, ਆਮਦਨੀ ਦਾ ਵਧਣਾ ਜਾਂ ਘਟਣਾ, ਘੰਟਿਆਂ ਵਿੱਚ ਤਬਦੀਲੀ, ਕੋਈ ਨੌਕਰੀ ਛੱਡਣੀ, ਹੜਤਾਲ 'ਤੇ ਜਾਣਾ, ਕਿਸੇ ਨੂੰ ਤਨਖਾਹ ਮਿਲਣ ਦੇ ਦਿਨਾਂ ਵਿੱਚ ਤਬਦੀਲੀ।

ਜੇ ਹਾਂ, ਤਾਂ ਇੱਥੇ ਵਿਆਖਿਆ ਕਰੋ ਅਤੇ ਸਬੂਤ ਨੱਥੀ ਕਰੋ। ____________________

____________________

**8. ਕੀ ਕਿਸੇ ਨੂੰ ਵਰਤਮਾਨ ਵਿੱਚ ਕਿਸੇ ਹੋਰ ਸਰੋਤ ਤੋਂ ਪੈਸੇ ਮਿਲ ਰਹੇ ਹਨ?** ☐ ਹਾਂ ☐ ਨਹੀਂ

ਜੇ **ਹਾਂ**, ਤਾਂ ਹੇਠਾਂ ਸੈਕਸ਼ਨ ਭਰੋ ਅਤੇ **ਸਬੂਤ ਨੱਥੀ ਕਰੋ**। ਉਦਾਹਰਣਾਂ ਵਿੱਚ ਸ਼ਾਮਲ ਹਨ: ਸੋਸ਼ਲ ਸਿਕਉਰਿਟੀ, ਬੇਰੁਜ਼ਗਾਰੀ ਮੁਆਵਜ਼ਾ, ਸਾਬਕਾ ਫੌਜੀ ਦੇ ਬੈਨਿਫਿਟ, ਸਟੇਟ ਡਿਸਏਬਿਲਿਟੀ ਇਨਸ਼ੋਰੈਂਸ (SDI), ਬਾਲ/ਪਤੀ/ਪਤਨੀ ਦਾ ਗੁਜ਼ਾਰਾ, ਕਾਮੇ ਦਾ ਮੁਆਵਜ਼ਾ, ਕਰਜ਼ੇ/ਤੋਹਫ਼ੇ, ਕਮਾਈ/ਨਾ ਕਮਾਈ ਰਿਹਾਇਸ਼, ਸਹੂਲਤਾਂ, ਭੋਜਨ, ਆਦਿ।

| ਨਾਮ | ਆਮਦਨੀ ਦਾ ਸਰੋਤ | ਇੱਕ ਵਾਰ ਜਾਂ ਜਾਰੀ ਭੁਗਤਾਨ | ਕਿੰਨਾ/ਕਿੰਨੀ ਵਾਰ |
|---|---|---|---|
| | | | |
| | | | |
| | | | |

**8a. ਕੀ ਨੇੜਲੇ ਭਵਿੱਖ ਵਿੱਚ ਇਸ ਜਾਂ ਆਮਦਨੀ ਵਿੱਚ ਕੋਈ ਤਬਦੀਲੀ ਹੋਵੇਗੀ?** ☐ ਹਾਂ ☐ ਨਹੀਂ

ਜੇ ਹਾਂ, ਤਾਂ ਇੱਥੇ ਵਿਆਖਿਆ ਕਰੋ: ____________________

ਕੇਸ ਦਾ ਨਾਮ: ____________________ ਕੇਸ ਨੰਬਰ: ____________________

**9. ਡਾਕਟਰੀ ਲਾਗਤਾਂ: ਕੀ CalFresh ਪ੍ਰਾਪਤ ਕਰਨ ਵਾਲਾ ਕੋਈ ਵਿਅਕਤੀ 60 ਸਾਲ ਜਾਂ ਵੱਧ ਉਮਰ ਦਾ, ਜਾਂ ਅਸਮਰਥ ਹੈ, ਉਸ ਦੀਆਂ ਡਾਕਟਰੀ ਲਾਗਤਾਂ ਸ਼ੁਰੂ ਹੋ ਗਈਆਂ ਹਨ ਜਾਂ ਵੱਧ ਗਈਆਂ ਹਨ? ☐ ਹਾਂ ☐ ਨਹੀਂ** (ਜੇ **ਹਾਂ**, ਹੇਠਾਂ ਸੈਕਸ਼ਨ ਭਰੋ ਇਹ ਨਵਾਂ ਸੈਕਸ਼ਨ ਹੈ ਜਾਂ ਜੇ ਤਬਦੀਲੀ $25 ਤੋਂ ਜ਼ਿਆਦਾ ਹੈ।)

ਕਿਸਦੀਆਂ ਲਾਗਤਾਂ ਹੋਈਆਂ ਹਨ? ____________________ ਲਾਗਤ ਦੀ ਕਿਸਮ ____________________
ਭੁਗਤਾਨ ਕੀਤੀ ਰਕਮ? ____________________ ਕਿੰਨੀ ਵਾਰ? ____________________

**10. ਬਾਲ ਸਹਾਇਤਾ: ਕੀ CalFresh ਪ੍ਰਾਪਤ ਕਰਨ ਵਾਲੇ ਕਿਸੇ ਵਿਅਕਤੀ ਨੂੰ ਬਾਲ ਸਹਾਇਤਾ ਦਾ ਭੁਗਤਾਨ ਕਰਨਾ ਪੈਂਦਾ ਹੈ? ☐ ਹਾਂ ☐ ਨਹੀਂ**

(ਜੇ **ਹਾਂ**, ਤਾਂ ਹੇਠਲਾ ਭਾਗ ਭਰੋ ਅਤੇ ਸਬੂਤ ਨੱਥੀ ਕਰੋ, ਜੇ ਇਹ ਨਵੀਂ ਬਾਲ ਸਹਾਇਤਾ ਜ਼ਿੰਮੇਵਾਰੀ ਹੈ ਜਾਂ ਬਾਲ ਸਹਾਇਤਾ ਦਾ ਭੁਗਤਾਨ ਕਰਨ ਲਈ ਕਾਨੂੰਨੀ ਜ਼ਿੰਮੇਵਾਰੀ ਵਿੱਚ ਤਬਦੀਲੀ ਹੈ ਜਾਂ ਭੁਗਤਾਨ ਕੀਤੀ ਗਈ ਬਾਲ ਸਹਾਇਤਾ ਦੀ ਰਕਮ ਵਿੱਚ ਵਾਧਾ ਹੈ।)
ਬੱਚਿਆਂ ਦਾ(ਦੇ) ਨਾਮ ____________________

ਉਹ ਵਰਤਮਾਨ ਰਕਮ ਕੀ ਹੈ ਜਿਸਦਾ ਉਹਨਾਂ ਨੂੰ ਭੁਗਤਾਨ ਕਰਨਾ ਪੈਂਦਾ ਹੈ? $ ____________________ ਸਹਾਇਤਾ ਦਾ ਭੁਗਤਾਨ ਕਿਸ ਨੇ ਕੀਤਾ? ____________________

**11. ਨਿਰਭਰ ਵਿਅਕਤੀ ਜਾਂ ਬੱਚੇ ਦੀ ਦੇਖਭਾਲ: ਕੀ ਕੋਈ ਵਿਅਕਤੀ ਕਿਸੇ ਬੱਚੇ, ਅਸਮਰਥ ਬਾਲਗ, ਜਾਂ ਕਿਸੇ ਹੋਰ ਨਿਰਭਰ ਵਿਅਕਤੀ ਦੀ ਦੇਖਭਾਲ ਵਾਸਤੇ ਭੁਗਤਾਨ ਕਰਦਾ ਹੈ ਤਾਂ ਜੋ ਤੁਸੀਂ ਜਾਂ ਕੋਈ ਹੋਰ ਵਿਅਕਤੀ ਕੰਮ 'ਤੇ ਜਾਂ ਸਕੂਲ ਜਾ ਸਕੋ, ਜਾਂ ਕੋਈ ਨੌਕਰੀ ਲੱਭ ਸਕੋ? ☐ ਹਾਂ ☐ ਨਹੀਂ**

(ਜੇ **ਹਾਂ**, ਤਾਂ ਕਿਰਪਾ ਕਰਕੇ ਸਿਰਫ ਉਹ ਰਕਮ ਲਿਖੋ ਜੋ ਤੁਸੀਂ ਜਾ ਤੁਹਾਡੇ ਪਰਿਵਾਰ ਵਿੱਚੋਂ ਕੋਈ ਆਪਣੇ ਕੋਲੋਂ ਦਿੰਦਾ ਹੈ। ਜੇ ਪ੍ਰਦਾਤਾ ਜਾਂ ਜੇਬ ਵਿਚੋਂ ਦਿੱਤੀ ਜਾਣ ਵਾਲੀ ਰਕਮ ਬਦਲ ਗਈ ਹੈ ਤਾਂ ਸਬੂਤ ਨੱਥੀ ਕਰੋ।)

ਰਕਮ: $____________________ ਕਿਸ ਨੇ ਭੁਗਤਾਨ ਕੀਤਾ: ____________________ ਨਿਰਭਰ ਵਿਅਕਤੀ/ਬੱਚੇ ਦਾ ਨਾਮ ਦੱਸੋ: ____________________

**12. ਕੀ ਤੁਸੀਂ Medi-Cal ਲਈ ਅਰਜ਼ੀ ਦੇਣ ਵਿੱਚ ਦਿਲਚਸਪੀ ਰੱਖਦੇ ਹੋ? ☐ ਹਾਂ ☐ ਨਹੀਂ**

ਜੇ ਤੁਸੀਂ "**ਹਾਂ**" ਉੱਤਰ ਦਿੰਦੇ ਹੋ, ਤਾਂ ਕਾਉਂਟੀ ਤੁਹਾਡੀ ਜਾਣਕਾਰੀ ਨੂੰ ਇਹ ਪਤਾ ਕਰਨ ਲਈ ਵਰਤੇਗੀ ਕਿ ਕੀ ਤੁਹਾਨੂੰ Medi-Cal ਮਿਲ ਸਕਦਾ ਹੈ।

**13. ਦੋਹਰੇ ਬੈਨਿਫਿਟ**

ਕੀ ਤੁਹਾਨੂੰ, ਜਾਂ ਤੁਹਾਡੇ ਪਰਿਵਾਰ ਦੇ ਕਿਸੇ ਮੈਂਬਰ ਨੂੰ 22 ਸਤੰਬਰ, 1996 ਤੋਂ ਬਾਅਦ ਕਿਸੇ ਵੀ ਸਟੇਟ ਵਿੱਚ ਧੋਖੇ ਨਾਲ ਦੋਹਰੇ SNAP (ਭੋਜਨ ਸਹਾਇਤਾ ਕਾਰਜਕ੍ਰਮ ਦਾ ਸੰਘੀ ਨਾਂ, ਜਿਸਨੂੰ ਕੈਲੀਫੋਰਨੀਆ ਵਿੱਚ CalFresh ਕਿਹਾ ਜਾਂਦਾ ਹੈ) ਬੈਨਿਫਿਟ ਪ੍ਰਾਪਤ ਕਰਨ ਦਾ ਕਸੂਰਵਾਰ ਸਾਬਤ ਕੀਤਾ ਗਿਆ ਹੈ? **☐ ਹਾਂ ☐ ਨਹੀਂ**

ਜੇ **ਹਾਂ**, ਤਾਂ ਕੌਣ? ____________________

**14. ਤਸਕਰੀ–ਸਬੰਧੀ ਬੈਨਿਫਿਟ**

ਕੀ ਤੁਹਾਨੂੰ, ਜਾਂ ਤੁਹਾਡੇ ਪਰਿਵਾਰ ਦੇ ਕਿਸੇ ਮੈਂਬਰ ਨੂੰ 22 ਸਤੰਬਰ, 1996 ਤੋਂ ਬਾਅਦ ਕਦੇ ਵੀ $500 ਜਾਂ ਵੱਧ ਦੇ SNAP ਬੈਨਿਫਿਟਾਂ ਦੀ ਤਸਕਰੀ (ਦੂਜਿਆਂ ਨੂੰ EBT ਕਾਰਡ ਇਸਤੇਮਾਲ ਕਰਨ ਦੇਣਾ ਜਾਂ ਵੇਚਣਾ) ਕਰਨ ਦਾ ਕਸੂਰਵਾਰ ਸਾਬਤ ਕੀਤਾ ਗਿਆ ਹੈ? **☐ ਹਾਂ ☐ ਨਹੀਂ**

ਜੇ **ਹਾਂ**, ਤਾਂ ਕੌਣ? ____________________

**15. ਬੈਨਿਫਿਟਾਂ ਦਾ ਨਸ਼ੀਲੇ ਪਦਾਰਥਾਂ ਲਈ ਸੌਦਾ ਕਰਨਾ**

ਕੀ ਤੁਹਾਨੂੰ, ਜਾਂ ਤੁਹਾਡੇ ਪਰਿਵਾਰ ਦੇ ਕਿਸੇ ਮੈਂਬਰ ਨੂੰ 22 ਸਤੰਬਰ, 1996 ਤੋਂ ਬਾਅਦ SNAP ਬੈਨਿਫਿਟਾਂ ਬਦਲੇ ਨਸ਼ੀਲੇ ਪਦਾਰਥ ਪ੍ਰਾਪਤ ਕਰਨ ਦਾ ਕਸੂਰਵਾਰ ਪਾਇਆ ਗਿਆ ਹੈ?
**☐ ਹਾਂ ☐ ਨਹੀਂ** ਜੇ **ਹਾਂ**, ਤਾਂ ਕੌਣ? ____________________

**16. ਬੈਨਿਫਿਟਾਂ ਦਾ ਹਥਿਆਰਾਂ ਜਾਂ ਵਿਸਫੋਟਕਾਂ ਲਈ ਸੌਦਾ ਕਰਨਾ**

ਕੀ ਤੁਹਾਨੂੰ, ਜਾਂ ਤੁਹਾਡੇ ਪਰਿਵਾਰ ਦੇ ਕਿਸੇ ਮੈਂਬਰ ਨੂੰ 22 ਸਤੰਬਰ, 1996 ਤੋਂ ਬਾਅਦ SNAP ਬੈਨਿਫਿਟਾਂ ਬਦਲੇ ਬੰਦੂਕਾਂ, ਗੋਲੀਆਂ, ਜਾਂ ਵਿਸਫੋਟਕ ਪ੍ਰਾਪਤ ਕਰਨ ਦਾ ਕਸੂਰਵਾਰ ਪਾਇਆ ਗਿਆ ਹੈ?
**☐ ਹਾਂ ☐ ਨਹੀਂ**

ਜੇ **ਹਾਂ**, ਤਾਂ ਕੌਣ? ____________________

**17. ਸੰਗੀਨ ਜੁਰਮ ਤੋਂ ਨੱਸਣਾ**

ਕੀ ਤੁਸੀਂ ਜਾਂ ਤੁਹਾਡੇ ਪਰਿਵਾਰ ਦਾ ਕੋਈ ਮੈਂਬਰ ਮੁਕੱਦਮੇ, ਗੰਭੀਰ ਅਪਰਾਧ ਜਾਂ ਗੰਭੀਰ ਅਪਰਾਧ ਦੀ ਕੋਸ਼ਿਸ਼ ਤੋਂ ਬਾਅਦ ਹਿਰਾਸਤ ਵਿੱਚ ਲਏ ਜਾਣ, ਜਾਂ ਜੇਲ੍ਹ ਜਾਣ ਤੋਂ ਬਚਣ ਲਈ ਕਾਨੂੰਨ ਤੋਂ ਭੱਜਿਆ ਹੋਇਆ ਹੈ? **☐ ਹਾਂ ☐ ਨਹੀਂ**

ਜੇ **ਹਾਂ**, ਤਾਂ ਕੌਣ? ____________________

**18. ਪ੍ਰੋਬੇਸ਼ਨ/ਪੈਰੋਲ ਦੀ ਉਲੰਘਣਾ**

ਕੀ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਅਦਾਲਤ ਦੁਆਰਾ ਪ੍ਰੋਬੇਸ਼ਨ ਜਾਂ ਪੈਰੋਲ ਦੀ ਉਲੰਘਣਾ ਕਰਦੇ ਹੋਏ ਪਾਇਆ ਗਿਆ ਹੈ? **☐ ਹਾਂ ☐ ਨਹੀਂ**

ਜੇ **ਹਾਂ**, ਤਾਂ ਕੌਣ? ____________________

ਕੇਸ ਦਾ ਨਾਮ: ____________________ ਕੇਸ ਨੰਬਰ: ____________________

# ਪ੍ਰਮਾਣੀਕਰਣ

## ਕਿਰਪਾ ਕਰਕੇ ਧਿਆਨ ਨਾਲ ਪੜ੍ਹੋ, ਦਸਤਖ਼ਤ ਕਰੋ, ਅਤੇ ਮਿਤੀ ਪਾਓ। ਇਸ ਫਾਰਮ 'ਤੇ ਦਸਤਖ਼ਤ ਕਰਕੇ:

ਮੈਂ ਸਮਝਦਾ/ਸਮਝਦੀ ਹਾਂ ਕਿ ਗਲਤ-ਬਿਆਨੀ (ਝੂਠਾ ਬਿਆਨ ਦੇਣਾ) ਲਈ ਸਜ਼ਾ ਤਹਿਤ ਇਸ ਮੁੜ-ਪ੍ਰਮਾਣੀਕਰਣ ਅਰਜ਼ੀ 'ਤੇ ਦਸਤਖਤ ਕਰਕੇ:

- ਮੈਂ ਇਸ ਮੁੜ-ਪ੍ਰਮਾਣੀਕਰਣ ਅਰਜ਼ੀ ਵਿੱਚ ਜਾਣਕਾਰੀ ਨੂੰ ਅਤੇ ਇਸ ਮੁੜ-ਪ੍ਰਮਾਣੀਕਰਣ ਅਰਜ਼ੀ ਵਿੱਚ ਮੇਰੇ ਪ੍ਰਸ਼ਨਾਂ ਦੇ ਉੱਤਰਾਂ ਨੂੰ ਪੜ੍ਹ ਲਿਆ ਹੈ ਜਾਂ ਇਹ ਮੈਨੂੰ ਪੜ੍ਹ ਕੇ ਸੁਣਾਏ ਗਏ ਹਨ।
- ਪ੍ਰਸ਼ਨਾਂ ਲਈ ਉੱਤਰ ਮੇਰੇ ਮੇਰੀ ਬਿਹਤਰੀਨ ਜਾਣਕਾਰੀ ਅਨੁਸਾਰ ਸੱਚੇ ਅਤੇ ਪੂਰੇ ਹਨ।
- ਆਪਣੀ ਮੁੜ-ਪ੍ਰਮਾਣੀਕਰਣ ਪ੍ਰਕਿਰਿਆ ਲਈ ਮੇਰੇ ਦੁਆਰਾ ਦਿੱਤੇ ਜਾਣ ਵਾਲੇ ਕੋਈ ਵੀ ਉੱਤਰ ਮੇਰੀ ਬਿਹਤਰੀਨ ਜਾਣਕਾਰੀ ਅਨੁਸਾਰ ਸੱਚੇ ਅਤੇ ਪੂਰੇ ਹੋਣਗੇ।
- ਮੈਂ CalFresh ਪ੍ਰੋਗਰਾਮ ਲਈ ਹੱਕ ਅਤੇ ਜ਼ਿੰਮੇਵਾਰੀਆਂ (ਪ੍ਰੋਗਰਾਮ ਦੇ ਨਿਯਮ ਪੰਨਾ 1) ਅਤੇ CalFresh ਪ੍ਰੋਗਰਾਮ ਦੇ ਨਿਯਮ ਅਤੇ ਜੁਰਮਾਨੇ (ਪ੍ਰੋਗਰਾਮ ਦੇ ਨਿਯਮ ਪੰਨਾ 2 ਤੋਂ 3) ਪੜ੍ਹ ਲਏ ਹਨ ਜਾਂ ਇਹ ਮੈਨੂੰ ਪੜ੍ਹ ਕੇ ਸੁਣਾਏ ਗਏ ਹਨ।
- ਮੈਂ ਸਮਝਦਾ/ਸਮਝਦੀ ਹਾਂ ਕਿ CalFresh ਲਈ ਯੋਗਤਾ ਸਥਾਪਿਤ ਕਰਨ ਵਾਸਤੇ ਗਲਤ ਜਾਂ ਗੁੰਮਰਾਹਕੁੰਨ ਬਿਆਨ ਦੇਣਾ, ਤੱਥਾਂ ਨੂੰ ਛੁਪਾਉਣਾ ਜਾਂ ਰੋਕ ਕੇ ਰੱਖਣਾ ਧੋਖੇਬਾਜ਼ੀ ਹੈ। ਧੋਖੇਬਾਜ਼ੀ ਕਾਰਨ ਮੇਰੇ ਵਿਰੁੱਧ ਫੌਜਦਾਰੀ ਮੁਕੱਦਮਾ ਕੀਤਾ ਜਾ ਸਕਦਾ ਹੈ ਅਤੇ/ਜਾਂ ਮੈਨੂੰ ਸਮੇਂ ਦੀ ਇੱਕ ਮਿਆਦ (ਜਾਂ ਜ਼ਿੰਦਗੀ ਭਰ) ਲਈ CalFresh ਬੈਨਿਫਿਟ ਲੈਣ ਤੋਂ ਰੋਕਿਆ ਜਾ ਸਕਦਾ ਹੈ।
- ਮੈਂ ਸਮਝਦਾ/ਸਮਝਦੀ ਹਾਂ ਕਿ ਬੈਨਿਫਿਟਾਂ ਲਈ ਅਰਜ਼ੀ ਦੇ ਰਹੇ ਪਰਿਵਾਰ ਦੇ ਮੈਂਬਰਾਂ ਦਾ ਸੋਸ਼ਲ ਸਿਕਉਰਿਟੀ ਨੰਬਰ ਜਾਂ ਇਮੀਗ੍ਰੇਸ਼ਨ ਦਰਜਾ ਢੁਕਵੀਆਂ ਸਰਕਾਰੀ ਏਜੰਸੀਆਂ ਦੇ ਨਾਲ ਸਾਂਝਾ ਕੀਤਾ ਜਾ ਸਕਦਾ ਹੈ ਜਿਵੇਂ ਕਿ ਸੰਘੀ ਕਾਨੂੰਨ ਦੁਆਰਾ ਲੋੜੀਂਦਾ ਹੋਵੇ।

## ਬੈਨਿਫਿਟ ਪ੍ਰਾਪਤ ਕਰਨੇ ਜਾਰੀ ਰੱਖਣ ਲਈ, ਇਹ ਜ਼ਰੂਰੀ ਹੈ ਕਿ ਤੁਸੀਂ ਇਸ ਅਰਜ਼ੀ ਤੇ ਦਸਤਖਤ ਕਰਕੇ ਮਿਤੀ ਪਾਉ ਅਤੇ ਆਪਣੀ ਪ੍ਰਮਾਣੀਕਰਣ ਮਿਆਦ ਦੇ ਆਖਰੀ ਦਿਨ ਤੋਂ ਪਹਿਲਾਂ ਇੰਟਰਵਿਊ ਦਿਓ।

**ਹੇਠਾਂ ਕਿਸਦੇ ਦਸਤਖਤ ਜ਼ਰੂਰੀ ਹਨ:** ਪਰਿਵਾਰ ਦਾ ਬਾਲਗ ਮੈਂਬਰ/ਇਖਤਿਆਰੀ ਨੁਮਾਇੰਦਾ/ਸਰਪ੍ਰਸਤਾਂ

| ਬਿਨੈਕਾਰ ਦੇ ਦਸਤਖਤ ਹਾਂ ਨਿਸ਼ਾਨ | ਮਿਤੀ | ਸੰਪਰਕ ਈ-ਮੇਲ/ਪਤਾ |
|---|---|---|